AKHAND KIRTANI JATHA (REGD.)

# ਆਤਮ ਰੰਗ

ਜਿਲਦ ੨੪ ਜੂਨ 2023 ਜੇਠ-ਹਾੜ 555 ਨਾਨਕਸ਼ਾਹੀ June 2023 ਅੰਕ 6

## ਗੁਰਦੁਆਰਾ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰੱਸਟ), ਕੁਮਾਰਹੱਟੀ



ਸਾਲਾਨਾ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਤਪੋਵਨ, ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰੱਸਟ), ਕੁਮਾਰਹੱਟੀ ਵਿਖੇ ਮਿਤੀ 16.06.2023 ਤੋਂ ਲੈ ਕੇ 18.06.2023 ਦੁਪਹਿਰ ਤਕ ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ ਵੱਲੋਂ ਮਨਾਇਆ ਜਾ ਰਿਹਾ ਹੈ। ਸੰਗਤਾਂ ਨੋਟ ਕਰਨ ਤੇ ਦਰਸ਼ਨ ਦਿਦਾਰੇ ਬਖਸ਼ਣ ਜੀ। ਸਮਾਗਮ ਦਾ ਵੇਰਵਾ ਪੇਜ ਨੰ. 42 ਤ ਦਿੱਤਾ ਹੋਇਆ ਹੈ।

## ਢਾਡੀ ਗੁਣ ਗਾਵੈ ਨਿਤੁ ਜਨਮ ਸਵਾਰਿਆ ॥




ਹਰ ਸਾਲ ਦੀ ਤਰ੍ਹਾਂ ਸਾਲਾਨਾ ਅਖੰਡ ਕੀਰਤਨ ਸਮਾਗਮ, ਕਥਾ ਅਸਥਾਨ ਸ੍ਰੀ ਦਰਬਾਰ ਸਾਹਿਬ, ਤਰਨਤਾਰਨ ਵਿਖੇ ਅਖੰਡ ਕੀਰਤਨੀ ਜੱਥਾ, ਤਰਨਤਾਰਨ ਵੱਲੋਂ ਮਿਤੀ 06.05.2023 ਤੋਂ ਲੈ ਕੇ 07.05.2023 ਅੰਮ੍ਰਿਤ ਵੇਲੇ ਤਕ ਮਨਾਇਆ ਗਿਆ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ੴ ਠਾਕੁਰ ਗਾਈਐ ਆਤਮ ਰੰਗਿ ੴ

# ਆਤਮ ਰੰਗ

AKHAND KIRTANI JATHA (REGD.)

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।


ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।


ਜਿਲਦ ੨੪ | ਜੂਨ 2023 | ਜੇਠ-ਹਾੜ 555 ਨਾਨਕਸ਼ਾਹੀ | June 2023 | ਅੰਕ 6


**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ


**ਮੁੱਖ ਸੰਪਾਦਕ**
ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ

**ਦਫ਼ਤਰ**
245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)
ਫ਼ੋਨ ਅਤੇ ਵਟਸਐਪ : 98143-00245, 75289-00045
**E-mail :** atamrang3@gmail.com
**Website :** www.akjatamrangmagazine.org



**ਸਲਾਹਕਾਰ**

ਭਾਈ ਕੁਲਵੰਤ ਸਿੰਘ, ਕਾਕੀ ਪਿੰਡ
ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ
ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ
ਭਾਈ ਗੁਰਬੱਚਨ ਸਿੰਘ, ਦਿਆਲਪੁਰ
ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ
ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ

**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ



**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।



"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

# ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *– ਗਿਆਨੀ ਹਰਿਬੰਸ ਸਿੰਘ ਜੀ*
- ਅਣਡਿੱਠੀ ਦੁਨੀਆ 7
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਨਾਮਿ ਰਤਾ ਸੋਈ ਨਿਰਬਾਣੁ 9
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਧਰਮ ਰਾਇ ਦੀ ਦਰਗਾਹ 12
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਤਪਤਿ ਮਾਹਿ ਠਾਢਿ ਵਰਤਾਈ 15
  *– ਗਿਆਨੀ ਕੁੰਭੋਰ ਸਿੰਘ ਜੀ*
- ਸ੍ਰੀ ਗੁਰੂ ਗ੍ਰੰਥ ਤੇ ਪੰਥ 20
  *– ਭਾਈ ਸਾਹਿਬ ਜੋਗਿੰਦਰ ਸਿੰਘ ਜੀ*
- ਇਨਿ ਬਿਧਿ ਨਗਰੁ ਵੁਠਾ ਮੇਰੇ ਭਾਈ 26
  *– ਪ੍ਰਿੰਸੀਪਲ ਸੱਜਣ ਸਿੰਘ ਜੀ*
- ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਕਿਲ੍ਹੇ ਦੀ ਸਾਖੀ 29
  *– ਭਾਈ ਦਵਿੰਦਰ ਸਿੰਘ ਜੀ, ਡੀ. ਐਸ. ਪੀ., ਜਗਾਧਰੀ*
- ਚੜ੍ਹਦੀ ਕਲਾ 31
  *– ਪ੍ਰੋਫੈਸਰ ਹਰਬੰਸ ਸਿੰਘ ਜੀ*
- ਖਾਲਸਾ ਜੀ ਦਾ ਨਿਰਾਲਾਪਣ 34
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਅਗਨਿ ਰਸ ਸੋਖੈ ਮਰੀਐ ਧੋਖੈ 35
  *– ਗਿਆਨੀ ਹਰਿਬੰਸ ਸਿੰਘ ਤੇਗ*
- ਪੱਗ ਵਿਸਾਰ ਆਇਆ ਸਿਰ ਨੰਗੈ 37
  *– ਭਾਈ ਤਾਰਾ ਸਿੰਘ ਜੀ*

## *ਸੰਪਾਦਕੀ...*

ਅਰਦਾਸ ਹਰ ਧਰਮ ਦਾ ਜ਼ਰੂਰੀ ਅੰਗ ਹੈ। ਅਰਦਾਸ ਦੇ ਬਲ, ਅਰਦਾਸ ਕਰਨ ਦੀ ਵਿਧੀ ਹਰ ਧਰਮ ਵਿਚ ਆਪੋ ਆਪਣੇ ਦੇਸ਼ ਤੇ ਭਾਸ਼ਾ ਅਨੁਸਾਰ ਹੁੰਦੀ ਹੈ। ਪਰ ਅਰਦਾਸ ਦਾ ਭਾਵ ਹੈ - ਮਨੁੱਖੀ ਹਿਰਦੇ ਦੀ ਆਪਣੇ ਮਾਲਕ ਅੱਗੇ ਬੇਨਤੀ।

***ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ॥ ਦੇ ਕੰਨੁ ਸੁਣਹੁ ਅਰਦਾਸਿ ਜੀਉ॥੧੨॥" ਅੰਗ - ੭੪***

ਗੁਰੂ ਅਰਜਨ ਪਾਤਸ਼ਾਹ ਨੂੰ ਸਾਰੀ ਸ੍ਰਿਸ਼ਟੀ, ਸਾਰੀ ਰਚਨਾ, ਸਾਰੇ ਜੀਵ-ਜੰਤ ਉਸ ਵਾਹਿਗੁਰੂ ਜੀ ਅੱਗੇ ਬੇਨਤੀ ਕਰ ਰਹੇ ਦਿਖਾਈ ਦਿੱਤੇ ਤੇ ਆਪ ਨੇ ਮਾਲਕ ਨੂੰ ਬੇਨਤੀ ਕੀਤੀ ਕਿ ਇਹਨਾਂ ਦੀ ਅਰਦਾਸ ਸੁਣਨ ਦੀ ਕਿਰਪਾਲਤਾ ਕਰੋ ਜੀ। ਕਿੱਡੀ ਵਿਸ਼ਾਲ ਦ੍ਰਿਸ਼ਟੀ ਹੈ! ਇਹ ਉਤਨੀ ਹੀ ਵਿਸ਼ਾਲ ਦ੍ਰਿਸ਼ਟੀ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਾਰਾ ਬ੍ਰਹਿਮੰਡ ਹੀ ਮਾਨੋ ਵਾਹਿਗੁਰੂ ਜੀ ਦੀ ਆਰਤੀ ਉਤਾਰ ਰਿਹਾ ਦਿਖ ਰਿਹਾ ਸੀ -

***ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥***
***ਧੂਪੁ ਮਲਆਨਲੋ, ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥***
***ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥***
***ਅਨਹਤਾ ਸਬਦ ਵਾਜੰਤ ਭੇਰੀ ॥੧॥ਰਹਾਉ॥***
***ਅੰਗ - ੧੫***

ਦਸਮ ਪਾਤਸ਼ਾਹ ਦੀ ਬਾਣੀ ਵਿਚ ਅਰਦਾਸ ਸੰਬੰਧੀ ਆਇਆ ਹੈ ਕਿ ਭਾਵੇਂ ਉਸ ਪ੍ਰਭੂ ਦੀ ਕਿਰਪਾ-ਦ੍ਰਿਸ਼ਟੀ ਸਭ 'ਤੇ ਇੱਕੋ ਜਿਹੀ ਹੁੰਦੀ ਹੈ -

***ਹਾਥੀ ਪੁਕਾਰ ਪਲ ਪਾਛੈ ਪਹੁਚਤ ਤਾਹਿ,***
***ਚੀਟੀ ਕੀ ਚਿੰਘਾਰ ਪਹਿਲੇ ਹੀ ਸੁਨੀਅਤੁ ਹੈ।੨੫੬॥***
***(ਅਕਾਲ ਉਸਤਤ)***

ਅਰਦਾਸ ਕਰਨ ਵਾਲੇ ਦਾ ਆਕਾਰ ਤੇ ਚਿੰਘਾੜ ਭਾਵੇਂ ਹਾਥੀ ਵਾਲੀ ਹੋਵੇ, ਪਰ ਮਾਲਕ ਸੁਣਦਾ ਕਿਸ ਦੀ ਹੈ? ਇਸ ਦਾ ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਮਲਾਰ ਕੀ ਵਾਰ ਮ. ੧ ਵਿਚ ਦਿੰਦੇ ਹਨ। ਹਾਥੀ ਤੇ ਚਿੜੀ, ਫਿਰ ਸ਼ੇਰ ਅਤੇ ਅੱਕ-ਟਿੱਡੇ ਦੇ ਦੋ ਵਿਰੋਧਾਤਮਿਕ ਆਕਾਰ ਦੇ ਜੀਵਾਂ ਨੂੰ ਲੈ ਕੇ ਗੁਰੂਦੇਵ ਜੀ ਫ਼ੁਰਮਾਉਂਦੇ ਹਨ ਕਿ ਹਾਥੀ ਤੇ ਸ਼ੇਰ ਭਾਵੇਂ ਤਾਕਤਵਰ ਜਾਨਵਰ ਹਨ, ਪਰ ਖ਼ਸਮ (ਪ੍ਰਭੂ) ਦੀਆਂ ਨਜ਼ਰਾਂ ਵਿਚ ਮਾੜੀ ਜਿਹੀ ਚਿੜੀ ਅਤੇ ਮਾੜਾ ਜਿਹਾ ਅੱਕ-ਟਿੱਡਾ ਜ਼ਿਆਦਾ ਪਿਆਰਾ ਹੁੰਦਾ ਹੈ। ਹਾਥੀ ਅਤੇ ਸ਼ੇਰ ਹੰਕਾਰੇ ਹੋਏ ਹੋਣ ਕਰਕੇ ਪ੍ਰਭੂ ਨੂੰ ਪਿਆਰੇ ਨਹੀਂ ਹੋ ਸਕਦੇ।

***ਸਉ ਮਣੁ ਹਸਤੀ ਘਿਉ ਗੁੜੁ ਖਾਵੈ***
***ਪੰਜਿ ਸੈ ਦਾਣਾ ਖਾਇ॥***
***ਡਕੈ ਫੂਕੈ, ਖੇਹ ਉਡਾਵੈ***
***ਸਾਹਿ ਗਇਐ ਪਛੁਤਾਇ॥***
***ਅੰਧੀ ਫੂਕਿ ਮੁਈ ਦੇਵਾਨੀ॥***
***ਖਸਮਿ ਮਿਟੀ ਫਿਰਿ ਭਾਨੀ॥***
***ਅਧੁ ਗੁਲ੍ਹਾ ਚਿੜੀ ਕਾ ਚੁਗਣੁ***
***ਗੈਣਿ ਚੜੀ ਬਿਲਲਾਇ॥***
***ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥***
***ਅੰਗ - ੧੨੮੬***

ਭਾਵ, ਆਪਣੇ ਆਕਾਰ ਅਨੁਸਾਰ ਹਾਥੀ ਖ਼ੁਰਾਕ ਖਾਂਦਾ ਹੈ, ਸਵਾ ਮਣ ਘਿਉ ਗੁੜ ਹੀ ਖਾ ਜਾਂਦਾ ਹੈ। (ਉਨ੍ਹੀਂ ਦਿਨੀਂ ਮਣ ਛੋਟਾ ਹੀ ਹੁੰਦਾ ਸੀ) ਖਾ ਖਾ ਕੇ ਫੁੰਕਾਰੇ ਮਾਰਦਾ ਹੈ, ਤੇ ਹੋਰਨਾਂ ਜੀਵਾਂ ਨੂੰ ਡਰਾਉਂਦਾ ਹੈ। ਪਰ ਉਸ ਨੂੰ ਸੁਆਸ ਨਿਕਲਣ 'ਤੇ ਪਛਤਾਣਾ ਪੈਂਦਾ ਹੈ। ਹੰਕਾਰ ਵਿਚ ਜੀਵ ਆਫ਼ਰਿਆ ਫਿਰਦਾ ਹੈ। ਪਰ ਉਸ ਦੇ ਮੁਕਾਬਲੇ 'ਤੇ ਚਿੜੀ ਇਕ ਛੋਟਾ ਜਿਹਾ ਪੰਛੀ ਹੈ, ਜਿਸਦੀ ਖ਼ੁਰਾਕ ਹੈ ਇਕ ਅੱਧ ਦਾਣਾ, ਭਾਵ, ਬਹੁਤ ਥੋੜੀ। ਜੋ ਅਸਮਾਨੀਂ ਉਡਦੀ ਚਿਚਲਾਂਦੀ ਹੋਈ ਚਿੜੀ ਵਾਹਿਗੁਰੂ ਵਾਹਿਗੁਰੂ ਪੁਕਾਰਦੀ ਹੈ ਤਾਂ ਉਹ ਨਿੱਕੀ ਜਿਹੀ ਪ੍ਰਭੂ ਪਿਤਾ ਨੂੰ ਪਿਆਰੀ ਲੱਗਦੀ ਹੈ; ਹਾਥੀ ਨਹੀਂ ਲੱਗਦਾ। ਇਉਂ ਸ਼ੇਰ ਸੈਂਕੜੇ ਹਿਰਨਾਂ ਦਾ ਸ਼ਿਕਾਰ ਕਰਦਾ ਹੈ ਅਤੇ ਉਸ ਦੇ ਮਾਰੇ ਹੋਏ ਸ਼ਿਕਾਰ ਨੂੰ ਹੋਰ ਕਈ ਛੋਟੇ ਜਾਨਵਰ ਖਾਂਦੇ ਹਨ। ਬਲਵਾਨ ਹੋਣ ਕਰਕੇ ਸਦਾ ਹੰਕਾਰਿਆ ਰਹਿੰਦਾ ਹੈ ਤੇ ਇਉਂ ਜੀਵਨ ਬਤੀਤ ਕਰਦਾ ਮਰ ਜਾਂਦਾ ਹੈ, ਪਰ ਸੁਆਸ ਨਿਕਲਣ 'ਤੇ ਪਛਤਾਉਣਾ ਹੀ ਪੈਂਦਾ ਹੈ। ਹੰਕਾਰ ਵਿਚ ਅੰਧਾ ਹੋਇਆ ਹੋਇਆ ਕਿਸ ਨੂੰ ਗਰਜ ਗਰਜ ਕੇ ਡਰਾਉਂਦਾ ਤੇ ਸੁਣਾਉਂਦਾ ਹੈ। ਉਹ ਮਾਲਕ ਪ੍ਰਭੂ ਨੂੰ ਮੂਲੋਂ ਹੀ ਨਹੀਂ ਭਾਉਂਦਾ। ਪਰ ਉਸਦੇ ਮੁਕਾਬਲੇ 'ਤੇ ਅੱਕ ਦਾ ਟਿੱਡਾ, ਅੱਕ ਦੀ ਡਾਲੀ 'ਤੇ ਬੈਠਾ ਅੱਕ ਨੂੰ ਪਿਆਰ ਨਾਲ ਖਾਂਦਾ ਹੈ। ਖ਼ਸਮ ਨੂੰ ਹੰਕਾਰੀ ਸ਼ੇਰ ਨਾਲੋਂ ਨਿਮਾਣਾ ਜਿਹਾ ਟਿੱਡਾ ਜ਼ਿਆਦਾ ਪਿਆਰਾ ਲੱਗਦਾ ਹੈ, ਜਿਹੜਾ ਵਾਹਿਗੁਰੂ ਵਾਹਿਗੁਰੂ ਕਰੀ ਜਾਂਦਾ ਹੈ। ਗੁਰਵਾਕ ਹੈ

***ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ॥***
***ਹੋਇ ਸਤਾਣਾ ਘੁਰੈ ਨ ਮਾਵੈ, ਸਾਹਿ ਗਇਐ ਪਛੁਤਾਇ॥***
***ਖਸਮੈ ਭਾਵੈ ਓਹਾ ਚੰਗਾ ਜਿ ਕਰੇ ਖੁਦਾਇ ਖੁਦਾਇ॥***
***ਅੰਧਾ ਕਿਸ ਨੋ ਬੁਕਿ ਸੁਣਾਵੈ॥ ਖਸਮੈ ਮੂਲਿ ਨ ਭਾਵੈ॥***
***ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥ ਅੰਗ - ੧੨੮੬***

# ਬਾਰਹ ਮਾਹ ਕਥਾ

*[ਗਿਆਨੀ ਹਰਿਬੰਸ ਸਿੰਘ ਜੀ, ਪਟਿਆਲਾ]*

***ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥ ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥ ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥ ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥ ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥ ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥ ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥ ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥ ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥ ਅੰਗ - 134***

**ਅਰਥ**

ਹਾੜ ਦਾ ਮਹੀਨਾ ਉਸ, ਭਾਵ (ਉਨ੍ਹਾਂ ਜੀਵ-ਇਸਤਰੀਆਂ) ਨੂੰ ਤਪਦਾ ਹੋਇਆ ਲਗਦਾ ਹੈ ਜਿਨ੍ਹਾਂ ਕੋਲ ਪ੍ਰਭੂ-ਪਤੀ ਨਹੀਂ (ਟਿਕਿਆ ਹੁੰਦਾ ਅਤੇ ਉਹ) ਜਗਜੀਵਨ (ਪ੍ਰਭੂ) ਪੁਰਖ ਨੂੰ ਛੱਡ ਕੇ ਮਨੁੱਖ ਦੀ ਆਸ (ਰਖਦੀਆਂ ਹਨ)। (ਹੇ ਭਾਈ! ਪ੍ਰਭੂ ਤੋਂ ਬਿਨਾਂ) ਦੂਜੇ ਪਿਆਰ ਵਿਚ (ਲਗ ਕੇ ਹਮੇਸ਼ਾ) ਖ਼ੁਆਰ ਹੋਈਦਾ ਹੈ ਤੇ ਮਰਨ ਉਪਰੰਤ ਗਲ ਵਿਚ ਜਮਾਂ ਦੀ ਫਾਹੀ ਪੈਂਦੀ ਹੈ। (ਇਹ ਇਕ ਅਟੱਲ ਸਚਾਈ ਹੈ ਕਿ) ਜਿਹੋ ਜਿਹਾ (ਕੋਈ) ਬੀਜ ਬੀਜਦਾ ਹੈ, ਉਹੀ ਕਟਦਾ ਹੈ, ਉਸ ਤਰ੍ਹਾਂ ਦਾ ਹੀ ਫਲ ਪ੍ਰਾਪਤ ਕਰਦਾ ਹੈ (ਸੋ ਕਰਮਾਂ ਅਨੁਸਾਰ ਦੁਖ-ਸੁਖ ਦਾ ਫਲ ਭੋਗਣਾ ਹੀ ਪੈਂਦਾ ਹੈ) ਜਿਹੜਾ ਕਿ (ਧੁਰੋਂ ਹੀ ਉਸਦੇ ਮੱਥੇ 'ਤੇ ਲਿਖਿਆ ਹੁੰਦਾ ਹੈ)। (ਜਦੋਂ ਨਾਮ ਸਿਮਰਨ ਤੋਂ ਬਿਨਾਂ ਜੀਵ ਰੂਪ ਇਸਤਰੀ ਦੀ ਉਮਰ ਰੂਪੀ) ਰਾਤ ਲੰਘ ਗਈ ਤਾਂ (ਪਿੱਛੋਂ) ਪਛਤਾਈ, (ਫਿਰ ਕੀ ਬਣਨਾ ਸੀ) (ਉਹ) ਨਿਰਾਸ਼ (ਹੋਈ ਦੁਨੀਆ ਤੋਂ) ਉਠ ਕੇ (ਪਰਲੋਕ) ਚਲੀ ਗਈ (ਭਾਵ ਮਰ ਗਈ)। (ਹਾਂ) ਜਿਨ੍ਹਾਂ (ਮਨੁੱਖਾਂ) ਨੂੰ ਸਾਧੂ (ਸਾਈਂ ਨਾਲ ਜੋੜਨ ਵਾਲਾ ਗੁਰੂ) ਮਿਲ ਜਾਂਦਾ ਹੈ, ਉਹ ਰੱਬੀ ਦਰਗਾਹ ਵਿਚ (ਲੇਖੇ ਤੋਂ) ਮੁਕਤ ਹੋ ਜਾਂਦੇ ਹਨ। ਹੇ ਪ੍ਰਭੂ! ਤੇਰੇ ਤੋਂ ਬਿਨਾਂ ਦੂਜਾ ਕੋਈ (ਮੇਰੀ ਅਰਜ਼ੋਈ ਸੁਣਨ ਵਾਲਾ) ਨਹੀਂ, (ਇਸ ਲਈ) ਨਾਨਕ ਦੀ (ਤੇਰੇ ਅੱਗੇ ਹੀ) ਅਰਦਾਸ ਹੈ। ਹੇ ਪ੍ਰਭੂ! (ਤੂੰ) ਆਪਣੀ ਕਿਰਪਾ ਕਰ ਕਿ (ਮੈਨੂੰ ਕੇਵਲ) ਤੇਰੇ ਦਰਸ਼ਨ ਦੀ (ਹੀ) ਪਿਆਸ ਹੋਵੇ। (ਤੱਤ ਇਹ ਹੈ ਕਿ) ਉਸ (ਜੀਵ-ਇਸਤਰੀ) ਨੂੰ (ਹੀ) ਹਾੜ (ਦਾ ਮਹੀਨਾ) ਸੁਹਾਵਣਾ ਸ਼ੋਭਨੀਕ ਲਗਦਾ ਹੈ ਜਿਸ ਦੇ ਮਨ ਵਿਚ ਹਰੀ ਚਰਨਾਂ (ਭਾਵ ਹਰੀ ਨਾਮ) ਦਾ ਵਾਸਾ ਹੁੰਦਾ ਹੈ।

---

*(ਪੰਨਾ 33 ਦੀ ਬਾਕੀ)*

ਸੁਚਾਲਾ, ਲੁੰਜੇ ਨੂੰ ਲਖਬਾਹਾ, ਮਰ ਜਾਣ ਨੂੰ ਚੜਾਈ ਕਰ ਗਿਆ, ਫਾਕੇ ਨੂੰ ਮਸਤ ਲੰਗਰ, ਆਪਣੇ ਆਪ ਨੂੰ ਫ਼ੌਜ ਜਾਂ ਫ਼ੌਜਾਂ ਕਹਿੰਦੇ ਅਤੇ ਹੀਣਤਾ ਭਾਵ ਨੂੰ ਨੇੜੇ, ਜੰਗਲਾਂ ਪਹਾੜਾਂ ਵਿਚ ਖ਼ਾਨਾ-ਬਿਦੇਸ਼ਾਂ ਵਾਂਗ ਰਹਿੰਦੇ, ਜੰਗਾਂ ਜੁੱਧਾਂ ਦੀਆਂ ਕਠਨਾਈਆਂ ਸਹਿੰਦੇ, ਭੁੱਖਣ ਭਾਣੇ ਪਾਟੇ ਕੱਪੜੀਂ ਵਿਚਰਦੇ, ਜ਼ੁਲਮ ਦਾ ਟਾਕਰਾ ਕਰਦੇ, ਸ਼ੇਰਾਂ ਵਾਂਗ ਨਾ ਫਟਕਣ ਦਿੰਦੇ, ਭੁਬਕਾਂ ਮਾਰਦੇ, ਜੈਕਾਰੇ ਗਜਾਉਂਦੇ, ਨਗਾਰੇ ਵਜਾਉਂਦੇ, ਇਕ ਦੂਜੇ ਨੂੰ ਫ਼ਤਿਹ ਬੁਲਾਉਂਦੇ, ਹਰ ਵੇਲੇ ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਉਂਦੇ ਰਹੇ। ਆਪਣੇ ਸਿੱਖੀ ਬਾਣੇ ਨੂੰ ਲਾਜ ਨਾ ਲਾਈ, ਦੁਨੀਆ ਦੇ ਝੂਠੇ ਲਾਲਚਾਂ ਵਿਚ ਫਸ ਕੇ ਧਰਮ ਨਹੀਂ ਹਾਰਿਆ, ਸਾਬਤ ਸੂਰਤ ਰਹੇ, ਆਪਣੇ ਤਾਜ (ਦਸਤਾਰ) ਨੂੰ ਦਾਗ ਨਾ ਲੱਗਣ ਦਿੱਤਾ, ਸਿਰਦਾਰੀ ਬਰਕਰਾਰ ਰੱਖੀ। ਇਹ ਸਾਰਾ ਸਦਕਾ ਸੀ ਨਿਰਭਉ ਅਕਾਲ ਪੁਰਖ ਨੂੰ ਜਪਣ ਦਾ, ਨਾਮ ਸਿਮਰਨ ਦਾ, ਅੰਮ੍ਰਿਤ-ਰਸ ਪੀਣ ਦਾ, ਅੰਮ੍ਰਿਤ-ਮਈ ਬਾਣੀ ਪੜ੍ਹਨ, ਸੁਣਨ, ਗਾਉਣ ਅਤੇ ਗੁਰਬਾਣੀ ਅਨੁਸਾਰ ਜੀਵਨ ਜੀਉਣ ਦਾ, ਹਾਂ ਜੀ!

ਇਹ ਸਦਕਾ ਸੀ ਖੰਡੇ ਦੀ ਪਾਹੁਲ ਲੈਣ ਦਾ, ਰਹਿਤ ਬਹਿਤ ਵਿਚ ਪੱਕੇ ਰਹਿਣ ਦਾ। ਕੁਰਹਿਤਾਂ ਤੋਂ ਬਚੇ ਰਹਿਣ ਦਾ, ਸਾਬਤ ਸੂਰਤ ਤੇ ਸਿਰ ਦਸਤਾਰ ਰੱਖਣ ਦਾ, ਆਪਣੇ ਗੁਰੂ ਦੇ ਹੁਕਮਾਂ ਨੂੰ ਸੱਤ ਕਰਕੇ ਮੰਨਣ ਦਾ, ਮਨਮੁਖ ਤੋਂ ਗੁਰਮੁਖਿ ਬਣਨ ਦਾ, ਸੱਚਿਆਰ ਸਿੱਖ, ਅਰਥਾਤ ਖਾਲਸੇ ਹੋਣ ਦਾ, ਸਿੰਘਾਂ ਦੀ ਚੜ੍ਹਦੀ ਕਲਾ, ਗੁਰੂ ਕੇ ਦੁਲਾਰਿਆਂ ਦੀ ਚੜ੍ਹਦੀ ਕਲਾ, ਜੁਗੋ ਜੁਗ ਚੜਦੀ ਕਲਾ ਚੜ੍ਹਦੀ ਕਲਾ, ਚੜ੍ਹਦੀ ਕਲਾ, ਚੜ੍ਹਦੀ ਕਲਾ। ਨਾਨਕ ਨਾਮ ਚੜ੍ਹਦੀ ਕਲਾ... ਨਾਨਕ ਨਾਮ ਚੜ੍ਹਦੀ ਕਲਾ ...।



# ਅਣਡਿੱਠੀ ਦੁਨੀਆ



*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਜਿਸ ਵਿਚ ਊਠਾਂ ਉਤੇ ਨਰੜ ਕੇ ਲੱਦੇ ਹੋਏ ਕਤਾਰਾਂ ਦੀਆਂ ਕਤਾਰਾਂ ਅਜਿਹੇ ਅਭਾਗਿਆਂ ਦੀਆਂ ਦੇਖੀਆਂ ਹਨ, ਜਿਨ੍ਹਾਂ ਤੇ ਮੁਗਦਰਾਂ ਦੁਆਰਾ ਜਮਾਂ ਦੀ ਮਾਰ ਪੈਂਦੀ ਦੇਖੀ ਹੈ ਅਤੇ ਉਹ ਬਿਲਲਾਉਂਦੇ ਤੇ ਕੂਕਦੇ ਕੁਰਲਾਉਂਦੇ ਸੁਣੇ ਹਨ। ਤ੍ਰਾਸਮਾਨ ਹੋ ਕੇ ਸੰਤ ਜੀ ਮਹਾਰਾਜ ਨੇ ਜਦੋਂ ਦੇਵਗਣਾਂ ਤੋਂ ਪੁੱਛਿਆ ਕਿ ਇਹ ਕਉਣ ਲੋਕ ਹਨ, ਜਿਨ੍ਹਾਂ ਤੇ ਅਜਿਹੀ ਮਾਰ ਪੈਂਦੀ ਹੈ। ਤਾਂ ਓਹਨਾਂ ਨੇ ਦਸਿਆ ਕਿ ਏਹ ਓਹ ਨਿਗੁਰੇ, ਨਿਗੋਸਾਏ, ਪਰਪੰਚੀ, ਪਾਖੰਡੀ ਲੋਗ ਹਨ ਜਿਨ੍ਹਾਂ ਨੇ ਮਾਤ ਲੋਕ ਵਿਖੇ ਜਾਇ ਕੇ ਆਪਣੇ ਆਪ ਨੂੰ ਅਣਹੋਂਦਾ ਗੁਰੂ ਸਦਵਾਇਆ ਅਤੇ ਆਪਣੇ ਨਾਮ-ਸੰਗ ਮੁਰੀਦਾਂ ਚੇਲਿਆਂ ਨੂੰ ਕੁਮਾਰਗੇ ਪਾਇਆ, ਸਿਵਾਏ ਆਪਣੇ ਪੈਰ ਪੁਜਾਉਣ ਤੋਂ ਅਤੇ ਚੇਲਿਆਂ ਦੀ ਉੱਨ ਲਾਹੁਣ ਤੋਂ ਹੋਰ ਕੋਈ ਕਰਮ ਨਹੀਂ ਕਰਵਾਇਆ, ਨਾ ਨਾਮ ਜਪਿਆ ਨਾ ਜਪਾਇਆ। ਨਾਮ-ਹੀਣ ਨਕਟ-ਪੰਥੀ ਮੀਣਿਆਂ ਦੀ ਇਹ ਦਸ਼ਾ ਦੇਖ ਕੇ ਸੰਤ ਜੀ ਮਹਾਰਾਜ ਬੜੇ ਹੀ ਭੈਮਾਨ ਹੋਏ। ਇਹ ਦ੍ਰਿਸ਼ਟਾਂਤ ਆਪਣੀ ਅੱਖੀਂ ਦੇਖ ਕੇ ਓਹਨਾਂ ਨੇ ਅੱਗੇ ਨੂੰ ਪ੍ਰਣ ਕਰ ਲਿਆ ਕਿ ਕਿਸੇ ਨੂੰ ਆਪਣੇ ਚਰਨਾਂ ਨੂੰ ਛੂਹਣ ਤਕ ਨਹੀਂ ਦੇਣਾ।

ਅਸੀਂ ਇਹ ਬਿਰਤਾਂਤ ਸੁਣਾਇ ਕੇ ਅਤੇ ਹੋਰ ਨਿਜ-ਬੀਤੀਆਂ ਨਿਜ ਲੋਇਣੀ ਦ੍ਰਿਸ਼ਟੀਆਂ ਸ਼ਾਹਦੀਆਂ ਦੇ ਦੇ ਕੇ ਕਈ ਇਕ ਭੁਲੜ ਪਰਪੰਚੀਆਂ ਨੂੰ ਆਪਣੇ ਆਪ ਤਾਈਂ ਗੁਰੂ ਸਦਾਉਣੋਂ ਵਰਜਿਆ। ਪਰ ਜਿਨ੍ਹਾਂ ਨੂੰ ਫਿਟਕਾਂ ਵਗੀਆਂ ਹੋਈਆਂ ਹਨ ਉਹ ਕਾਹਨੂੰ ਹਟਾਏ ਹਟਦੇ ਹਨ, ਓਹਨਾਂ ਦੇ ਭਾਗ ਧੁਰ ਮੰਦੇ। ਪਸਰਿਆ ਹੋਇਆ ਪਰਪੰਚ ਓਹਨਾਂ ਦੀ ਅੱਖ ਸਚਾਈ ਵਲੋਂ ਉਘੜਨ ਨਹੀਂ ਦਿੰਦਾ। ਜਿਹੜੇ ਲੋਗ ਏਹਨਾਂ ਗੱਲਾਂ ਨੂੰ ਨਹੀਂ ਮੰਨਦੇ ਓਹਨਾਂ ਦਾ ਆਮ ਇਤਰਾਜ਼ ਇਹ ਹੁੰਦਾ ਹੈ ਕਿ ਪੰਜ ਭੂਤਕ ਸਰੀਰ ਤਾਂ ਏਥੇ ਹੀ ਰਹਿ ਜਾਂਦਾ ਹੈ, ਅਗੇ ਜਾ ਕੇ ਮਾਰ ਕਿਸ ਨੂੰ ਪੈਂਦੀ ਹੈ? ਇਹ ਸਭ ਗੱਪਾਂ ਹਨ। ਇਉਂ ਕਹਿ ਕੇ ਉਹ ਚਿਤ ਪਰਚਾਉਂਦੇ ਹਨ, ਪਰ ਓਹਨਾਂ ਨੂੰ ਇਹ ਨਹੀਂ ਪਤਾ ਕਿ ਇਸ ਅਸਥੂਲ ਸਰੀਰ ਤੋਂ ਛੁਟ ਇਕ ਹੋਰ ਸੂਖਮ ਸਰੀਰ ਭੀ ਹੈ, ਜੋ ਇਹ ਸਰੀਰ (ਅਸਥੂਲ) ਛਡਿਆਂ ਅਗਾਹਾਂ ਜੀਵਾਂ ਦੇ ਨਾਲ ਜਾਂਦਾ ਹੈ। ਦੁਖ ਸੁਖ ਤਾਂ ਸਾਡਾ ਆਤਮੀ ਸੂਖਮ ਸਰੀਰ ਕਰਦਾ ਹੈ। ਜੇ ਅਸਥੂਲ ਸਰੀਰ ਕਰੇ ਤਾਂ ਉਹ ਜੀਵ-ਆਤਮਾ ਤੋਂ ਹੋਇਆ, ਅਰਥਾਤ ਮੁਰਦਾ ਹੋ ਕੇ ਫੇਰ ਕਿਉਂ ਮਹਿਸੂਸ ਨਹੀਂ ਕਰਦਾ। ਉਸ ਨੂੰ ਚਾਹੇ ਚੀਰ ਫਾੜੋ ਅਤੇ ਅਗਨੀ ਵਿਚ ਦਾਹ ਕਰੋ। ਤਾਂ ਤੇ ਸਿਧ ਹੋਇਆ ਕਿ ਜੀਂਵਦਿਆਂ ਮੋਇਆਂ ਦੁਖ ਸੁਖ ਮੰਨਣਹਾਰਾ ਸਰੀਰ ਹੋਰ ਹੈ, ਇਹ ਅਸਥੂਲੀ ਪਰਕ੍ਰਿਤ ਵਾਲਾ ਸਰੀਰ ਨਹੀਂ। ਮਰਨ ਸਾਰ ਸਰੀਰ ਵਿਚੋਂ ਨਿਰੀ ਫੋਕੀ ਫੂਕ ਹੀ ਨਹੀਂ ਨਿਕਲ ਜਾਂਦੀ, ਜਿੰਦ ਨਿਮਾਣੀ ਸੂਖਮ ਸਰੀਰ ਨੂੰ ਨਾਲ ਲੈ ਕੇ ਨਿਕਲਦੀ ਹੈ ਤੇ ਉਹ ਜਨਮ ਜਨਮਾਂਤਰਾਂ ਵਿਖੇ ਭਟਕਦੀ ਫਿਰਦੀ ਹੈ ਅਤੇ ਓਹੀ ਜਮਦਰ ਬੱਧੀ ਚੋਟਾਂ ਖਾਂਦੀ ਹੈ। ਪਰਤਿਆ ਕੇ ਜਿਨ੍ਹਾਂ ਨੇ ਦੇਖਣਾ ਹੋਵੇ ਤਾਂ ਦਿਬ ਦ੍ਰਿਸ਼ਟੀ ਸੂਖਮ ਦ੍ਰਿਸ਼ਟੇ ਹੋ ਕੇ ਦੇਖ ਲੈਣ। ਪਰ ਅਨਿੰਨ ਸਿਖਾਂ ਨੂੰ ਏਹਨਾਂ ਖਲਜਗਣਾਂ ਵਿਖੇ ਮਿਥ ਕੇ ਪੈਣ ਦੀ ਕੀ ਲੋੜ ਹੈ? ਸੁਤੇ ਸਿਧ ਕੋਈ ਚਮਤਕਾਰ ਹੋ ਜਾਏ ਤਾਂ ਹੋ ਜਾਏ। ਨਹੀਂ ਤਾਂ ਏਧਰ ਚਿਤਵਨੀ ਦੇਣ ਦੀ ਰੁਚੀ ਕਰਨੀ ਹੀ ਫ਼ਜ਼ੂਲ ਹੈ, ਜਦ ਕਿ ਗੁਰਮਤਿ ਦਾ ਮੰਨਿਆ ਪਰਮੰਨਿਆ ਅਟੱਲ ਅਸੂਲ ਸਾਡੇ ਸਾਹਮਣੇ ਮਉਜੂਦ ਹੈ, ਜੋ ਅਸਾਡੇ ਧੁਰੋਂ ਆਏ ਸਤਿਗੁਰਾਂ ਨੇ ਸ਼ਾਹਦੇ-ਹਾਲ ਦੇਖ ਕੇ ਗੁਰਸਿਖਾਂ ਪ੍ਰਤੀ ਗੁਰਬਾਣੀ ਦੁਆਰਾ ਦਰਸਾਇਆ ਦ੍ਰਿੜਾਇਆ ਹੈ। ਸਤਿਗੁਰੂ ਫ਼ੁਰਮਾਉਂਦੇ ਹਨ ਕਿ ਗੁਰੂ ਤੋਂ ਬੇਮੁਖ, ਅਨ-ਆਗਿਆਕਾਰੀ, ਗੁਰ ਦੀਖਿਆ ਤੋਂ ਆਕੀ ਪੁਰਸ਼ ਜਮ ਦਰਿ ਬਧੇ ਮਾਰੀਅਨਗੇ। ਬਸ, ਉਸ ਫ਼ੁਰਮਾਨ ਨੂੰ ਸਤਿ ਸਤਿ ਕਰ ਕੇ ਮੰਨੋ ਕਿ ਸੱਚ ਸਹੀ ਇਹੀ ਹਾਲ ਹੋਵੇਗਾ ਸਤਿਗੁਰੂ ਤੋਂ ਆਕੀ ਮਨਮੁਖੀ ਬੇਮੁਖੀਆਂ ਦਾ, ਜੋ

ਸਤਿਗੁਰੂ ਨੇ ਬਾਣੀ ਅੰਦਰ ਖੋਲ੍ਹ ਕੇ ਦਸਿਆ ਹੈ। ਪਰ ਪਾਜਲ ਬੁਧੀਸ਼ਰਾਂ (ਗਧੇ ਬੁਧੀ ਵਾਲਿਆਂ) ਨੂੰ ਇਹ ਸਭ ਪਾਜ ਹੀ ਜਾਪਦੇ ਹਨ। ਉਹ ਗੁਰਸਿਖੀ ਤੋਂ ਬਹੁਤ ਦੂਰ ਪਰੇਡੇ ਹਨ। ਗੁਰਸਿਖੀ ਦੇ ਨੇੜੇ ਨਹੀਂ ਢੁੱਕੇ, ਤਿਨ੍ਹਾਂ ਨੂੰ ਗੁਰੂ ਸਚੇ ਪਾਤਸ਼ਾਹ ਦੇ ਧੁਰੋਂ ਆਏ ਫ਼ੁਰਮਾਨਾਂ ਉਤੇ ਪਤੀਜ ਪ੍ਰਤੀਤ ਨਹੀਂ ਆਈ।

ਗੁਰਮੁਖਾਂ ਨਾਮ ਨਿਵਾਸੀਆਂ ਨੂੰ ਅਗਲੀ ਦਰਗਾਹੇ ਕੋਈ ਪੁਛ ਗਿਛ ਨਹੀਂ ਹੁੰਦੀ, ਕਿਉਂਕਿ ਉਹਨਾਂ ਦਾ ਬੇਲੀ ਗੁਰੂ ਕਰਤਾਰ ਆਪ ਹੁੰਦਾ ਹੈ। ਐਸਾ ਗੁਰਮਤਿ ਨਾਮ ਧਨ ਨਿਰਮਲਾ ਹੈ, ਪਰ ਦੇਵਨਹਾਰ ਦਾਤਾਰ ਜਿਸ ਨੂੰ ਦੇਵੇ ਸੋਈ ਵਡਭਾਗਾ ਜਨ ਇਸ ਨਾਮ ਧਨ ਤੋਂ ਵਰੋਸਾਉਂਦਾ ਹੈ। ਪਰ ਬਖ਼ਸ਼ਣਹਾਰ, ਹਰਿ ਦਰਗਾਹਿ ਸੁਰਖ਼ਰੂ ਕਰਾਵਣਹਾਰ ਅਤੇ ਜਮ ਜਾਗਾਤੀਓ ਛੁਡਾਵਣਹਾਰ, ਚੁਰਾਸੀ ਦੇ ਗੇੜ ਮੁਕਾਵਣਹਾਰ ਆਪ ਹੀ ਸੱਚਾ ਨਦਰੀ ਨਦਰ ਨਿਹਾਲੜਾ ਪੁਰਖ ਕਰਤਾਰ ਹੈ। ਯਥਾ ਗੁਰਵਾਕ

*ਰਾਮ ਨਾਮੁ ਧਨੁ ਨਿਰਮਲੋ ਜੋ ਦੇਵੈ ਦੇਵਣਹਾਰੁ॥*
*ਆਗੈ ਪੂਛ ਨ ਹੋਵਈ ਜਿਸੁ ਬੇਲੀ ਗੁਰੁ ਕਰਤਾਰੁ॥*
*ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ ॥੨॥(੮॥੧੫)*
*ਅੰਗ - ੬੨-੬੩*

ਅਗਲੀ ਦਰਗਾਹੇ ਭਗਤ ਜਨਾਂ ਗੁਰਮੁਖਾਂ ਦਾ ਬਿਸਰਾਮ ਧਾਮ ਭੀ ਹੈ। ਹੋਰ ਕਿਤੇ ਐਵੇਂ!! ਬੜਾ ਸੁੰਦਰ ਸੁਆਮੀ ਧਾਮ ਹੈ। (ਮਤ ਕਿਤੇ ਸਮਝ ਲੈਣਾ ਕਿ ਇਹ ਰਾਧਾ ਸੁਆਮੀਆਂ ਦਾ ਕਲਪਤ ਸੁਆਮੀ ਧਾਮ ਹੈ। ਰਾਧਾ ਸੁਆਮੀ ਤਾਂ ਐਵੇਂ ਹੀ ਇਥੇ ਲਿਖੇ ਸੁਆਮੀ ਪਦ, ਤੇ ਗੁਰਬਾਣੀ ਅੰਦਰਿ ਆਏ ਉਸ ਪਦ ਨੂੰ ਰਾਧਾ ਸੁਆਮੀਆਂ ਨਾਲ ਕਲਪਤ ਕਰ ਲੈਂਦੇ ਹਨ। ਇਹ ਗੁਰੂ ਘਰ ਦੇ ਗੁਰਮੁਖ ਜਨਾਂ ਦਾ ਹੀ ਬਿਸਰਾਮ ਅਸਥਾਨ ਹੈ, ਜਿਸ ਅਸਥਾਨ ਦੀ ਪਰਾਪਤੀ ਲਈ ਗੁਰਮੁਖ ਪਿਆਰੇ ਆਸਾ ਲਗ ਜੀਂਵਦੇ ਹਨ। ਏਸ ਸੁਹਾਵਣੀ ਆਸਾ ਵਿਚ ਮਨੋਂ ਤਨੋਂ ਗਲਤਾਨ ਹੋਇ ਸਿਮਰਨ ਰਸ ਅੰਦਰਿ ਥਿਰ ਰਹੀਵਤੇ ਅੰਮ੍ਰਿਤ ਪੀਵਤੇ ਜੀਵਨ ਪਦ ਇਸ ਲੋਕ ਵਿਖੇ ਹੀ ਮਾਣਦੇ ਹਨ। ਅੰਮ੍ਰਿਤ ਰਸ ਪੀਵਤੇ ਹੋਏ ਸਦਾ ਥਿਰ ਥੀਵਤੇ ਹੈਂ। ਤਿਨ੍ਹਾਂ ਨੇ ਬਿਖੇ ਬਨੁ ਸਭੁ ਫੀਕਾ ਜਾਣਿਆ ਹੈ ਅਤੇ ਮਨ ਬਚ ਕਰਮ ਕਰਕੇ ਫੀਕਾ ਜਾਣਿਆ ਹੈ। ਤਿਨ੍ਹਾਂ ਉਤੇ ਗੋਪਾਲ ਦਇਆਲ ਪ੍ਰਭ ਮੇਰੇ ਕ੍ਰਿਪਾਲ ਭਏ ਹੈਂ। ਤਿਨ੍ਹਾਂ ਨੇ ਇਸ ਨਵਨਿਧ ਨਾਮ ਦੀ ਕਮਾਈ ਸਾਧ ਸੰਗਤਿ ਵਿਚ ਰਹਿ ਕੇ ਬਹਿ ਕੇ ਕੀਤੀ ਹੋਈ ਹੁੰਦੀ ਹੈ, ਜਿਥੇ ਕਿ ਨਾਮ ਨਿਧਾਨ ਅੰਮ੍ਰਿਤ ਰਸ ਉਹਨਾਂ ਨੇ ਖ਼ੂਬ ਗਹਿ ਕੇ ਮਾਣਿਆ ਹੁੰਦਾ ਹੈ। ਤਿਨ੍ਹਾਂ ਸਰਬਸੇ ਸੁਖ ਅਨੰਦ ਘਨ ਪਿਆਰਿਆਂ ਨੇ ਹਰਿ-ਰਤਨ ਮਨ ਅੰਤਰ ਜੀਵ ਲਇਆ ਹੁੰਦਾ ਹੈ। ਤਿਨ੍ਹਾਂ ਨੂੰ ਪ੍ਰਾਣ-ਅਧਾਰਾ ਪ੍ਰੀਤਮ ਵਾਹਿਗੁਰੂ ਇਕ ਤਿਲ ਭੀ ਨਹੀਂ ਵਿਸਰਦਾ। ਉਹਨਾਂ ਦਾ ਵਾਹਿਗੁਰੂ ਨਾਮ ਰਿਦਿ ਜਪਿ ਜਪਿ ਵਿਗਸੀਵਣਾ ਤੇ ਸੱਚਾ ਜੀਵਣਾ ਹੁੰਦਾ ਹੈ। ਗੁਰਵਾਕ –

*ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ*
*ਆਸਾ ਲਗਿ ਜੀਵਤੇ ਜੀਉ॥*
*ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ*
*ਹਰਿ ਅੰਮ੍ਰਿਤੁ ਪੀਵਤੇ ਜੀਉ॥*
*ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ*
*ਬਿਖੈ ਬਨੁ ਫੀਕਾ ਜਾਨਿਆ॥*
*ਭਏ ਕਿਰਪਾਲ ਗੋਪਾਲ ਪ੍ਰਭ ਮੇਰੇ*
*ਸਾਧਸੰਗਤਿ ਨਿਧਿ ਮਾਨਿਆ॥*
*ਸਰਬਸੋ ਆਨੰਦ ਘਨ ਪਿਆਰੇ*
*ਹਰਿ ਰਤਨੁ ਮਨ ਅੰਤਰਿ ਸੀਵਤੇ॥*
*ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ*
*ਜਪਿ ਜਪਿ ਨਾਨਕ ਜੀਵਤੇ ॥੩॥ ਅੰਗ - ੮੦-੮੧*

ਤਿਸੁ ਹਰਿ ਦਰਗਾਹੀ ਭਗਤਹ ਬਿਸਰਾਮ ਧਾਮ ਦਾ ਕਿਆ ਸੋਹਣਾ ਅਚਰਜ ਨਕਸ਼ਾ ਬੰਨ੍ਹ ਕੇ ਇਸ ਅਗਲੇਰੇ ਗੁਰਵਾਕ ਅੰਦਰਿ ਚਿਤਰਾਇਆ ਗਇਆ ਹੈ –

*ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ॥*
*ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ॥*
*ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ॥੨॥*
*ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨੁ ਭਾਇ॥*
*ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ*
*॥੩॥(੮੨) ਅੰਗ - ੫੭*

ਗੁਪਤ ਪ੍ਰਭੂ ਨੂੰ ਪ੍ਰਗਟ ਕਰਨਹਾਰਿਆਂ ਨੇ ਏਥੇ ਹੀ, ਜੀਉਂਦੇ-ਜੀ ਹੀ ਸੁੰਦਰ ਸੁਆਮੀ ਧਾਮ ਦਾ ਅਨੂਪਮ ਨਜ਼ਾਰਾ ਦੇਖ ਲਿਆ ਹੁੰਦਾ ਹੈ। ਸੁਰਤਿ ਸ਼ਬਦ ਦੀ ਅਕਲ ਕਲਾ ਦਾ ਪਾਰਸ ਰਸਾਇਣੀ, ਅੰਮ੍ਰਿਤ ਤਲਿੱਸਮੀ, ਨਾਮ ਜਾਦੂ ਵਰਤ ਕੇ, ਤਿਨ੍ਹਾਂ ਨੇ ਨਾਭੀ ਅੰਦਰਿ ਸੁਆਸਾਂ ਨੂੰ ਠਹਿਰਾਇ ਕੇ, ਉਪਰ ਸੁਰਤ ਚੜ੍ਹਾਇ ਕੇ ਅੰਤਰ ਜੋਤਿ ਜਗ-ਮਗਾ ਲਈ ਹੁੰਦੀ ਹੈ। ਉਹਨਾਂ ਦਾ ਅੰਦਰਲਾ ਕਾਇਆਂ ਕਾਲਬਾਰਾ, ਜੋਤਿ ਗੈਣਾਰਾ ਹੋਇਆ ਹੁੰਦਾ ਹੈ। ਸਾਰਾ ਘਟ ਜੋਤੀਸ਼ਰੀ ਸੋਹਣਾ ਮੰਦਾਰਾ ਐਨ ਗੈਣਾਰੀਏ ਹਰਿ ਮੰਦਰ ਦਾ ਅਰਧ ਉਭਾਰਾ ਬਣਾਇਆ ਹੁੰਦਾ ਹੈ। ਕਰਨੇਹਾਰ ਕਰਤਾਰ ਨੇ ਆਪ ਹੀ ਇਹ ਹਰੀਮੰਦਰ, ਸੋਹਣਾ ਅੰਦਰ, ਘਟਿ ਕਾਇਆਂ ਅੰਦਰ ਉਸਾਰ ਲਿਆ ਹੁੰਦਾ ਹੈ।

**'ਚਲਦਾ'**

# ਨਾਮਿ ਰਤਾ ਸੋਈ ਨਿਰਬਾਣੁ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

*ਰਾਜ ਲੀਲਾ ਤੇਰੈ ਨਾਮਿ ਬਨਾਈ॥*
*ਜੋਗੁ ਬਨਿਆ ਤੇਰਾ ਕੀਰਤਨੁ ਗਾਈ॥੧॥*
*ਸਰਬ ਸੁਖਾ ਬਨੇ ਤੇਰੈ ਓਲ੍ਹੈ॥*
*ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ॥੧॥ਰਹਾਉ॥*
*ਹੁਕਮੁ ਬੂਝਿ ਰੰਗ ਰਸ ਮਾਣੇ॥*
*ਸਤਿਗੁਰ ਸੇਵਾ ਮਹਾ ਨਿਰਬਾਣੇ॥੨॥*
*ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ॥*
*ਨਾਮਿ ਰਤਾ ਸੋਈ ਨਿਰਬਾਣੁ॥੩॥*
*ਜਾ ਕਉ ਮਿਲਿਓ ਨਾਮੁ ਨਿਧਾਨਾ॥*
*ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥੪॥੬॥੫੭॥*
*ਅੰਗ - ੩੮੫*

ਵਿਆਖਿਆ-ਗੁਰਮਤਿ ਨਾਮ ਦੇ ਨਿਹਕਰਮ ਕਰਮ ਰੂਪੀ ਅਭਿਆਸ ਕਮਾਈ ਨੇ ਜੋ ਬਹਾਉ ਕ੍ਰਿਸ਼ਮਾਉ ਘਟ ਅੰਦਰਿ ਹੀ ਬਣਾਇਆ ਵਿਸਮਾਇਆ ਹੈ, ਉਹ ਅਤੀਅੰਤ ਅਕੱਥਨੀਯ ਤੇ ਬਿਸਮਾਦ-ਜਨਕ ਹੈ। ਬੜੀ ਬਚਿੱਤਰ ਰਾਜ ਲੀਲ੍ਹਾ ਬਣਾਈ ਹੈ ਗੁਰਮਤਿ ਨਾਮ ਅਭਿਆਸ ਨੇ। ਗੁਰਮੁਖਾਂ ਦੇ ਜੀਵਨ ਦੀ ਦੋਵੇਂ ਤਰ੍ਹਾਂ ਦੀ ਆਰਥਕ ਪ੍ਰਮਾਰਥਕ ਪਰਫੁੱਲਤਾ ਇਸ ਗੁਰਮਤਿ ਨਾਮ ਦੇ ਬੇੜੇ ਖਿੜਾਉ ਕਰਿ ਖਿੜਦੀ ਪਰਫੁਲਦੀ ਹੈ। ਇਸੇ ਵਿਚਿ ਰਾਜ ਹੈ, ਇਸੇ ਵਿਚ ਜੋਗ ਹੈ। ਰਾਜ ਭਾਗ ਮਾਣਦੇ ਹੋਏ ਭੀ ਗੁਰਮੁਖ ਜਨ ਰਾਜਸੀ ਅੱਜ ਤੋਂ ਉਚੇ ਰਹਿੰਦੇ ਹਨ, ਇਸ ਦੀ ਐਸ਼ੋ-ਇਸ਼ਰਤ ਵਿਚਿ ਖਪਤ ਖੱਚਤ ਨਹੀਂ ਹੁੰਦੇ। ਸਤਿਗੁਰੂ ਦੇ ਬਖਸ਼ੇ ਨਾਮ ਦੀ ਐਸੀ ਵਡਿਆਈ ਹੈ ਕਿ ਗ੍ਰਿਹਸਤ ਵਿਚ ਰਹਿੰਦੇ ਹੋਏ, ਪੁੱਤਰ ਕਲਿਤਰ ਵਿਚਿ ਬਿਰਾਜਦੇ ਹੋਏ ਗੁਰਮੁਖਾਂ ਨੇ ਗਤਿ ਪਾਈ ਹੈ ਪਾਉਂਦੇ ਹਨ ਤੇ ਪਾਉਂਦੇ ਰਹਿਣਗੇ :

*ਸਤਿਗੁਰ ਕੀ ਐਸੀ ਵਡਿਆਈ॥*
*ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥੨॥੪॥ ਅੰਗ - ੬੬੧*

ਪ੍ਰਮਾਰਥ-ਸਿੱਧੀ ਲਈ ਤਿਨ੍ਹਾਂ ਨੂੰ ਗ੍ਰਿਹਸਤ ਤਿਆਗਣ ਦੀ ਲੋੜ ਨਹੀਂ। ਸਗੋਂ ਗ੍ਰਿਹਸਤ ਵਿਚ ਰਹਿੰਦੇ ਹੋਏ ਪੁੱਤਰ ਕਲਿਤਰ (ਇਸਤ੍ਰੀ ਪੁੱਤਰ) ਕੁਟੰਬੀਆਂ ਸਮੇਤ ਹੀ ਤਿਨ੍ਹਾਂ ਦੀ ਗਤਿ-ਕਲਿਆਣ ਹੋ ਜਾਂਦੀ ਹੈ। ਐਸੀ ਵਡਿਆਈ ਹੈ ਗੁਰਮਤਿ ਨਾਮ ਦੇ ਅਭਿਆਸ ਦੀ। ਗੁਰਮਤਿ ਨਾਮ ਦਾ ਅਭਿਆਸ ਐਸਾ ਨਿਹਕਰਮੀ ਕਰਮ ਹੈ, ਜਿਸ ਦੇ ਕਮਾਇਆਂ ਮੋਹ ਮਮਤਾ ਮਾਇਆ ਦੀ ਲਾਗ ਨਹੀਂ ਲਗਦੀ। ਗੁਰਮੁਖ ਜਨ ਪਰਵਾਰੇ ਸਾਧਾਰੇ ਹੁੰਦੇ ਹਨ।

ਗੁਰਮੁਖਾਂ ਦੇ ਪਰਵਾਰ ਜਦੋਂ ਰਲ ਮਿਲ ਕੇ ਅੰਮ੍ਰਿਤ ਵੇਲੇ ਨਿਤਾਪ੍ਰਤਿ ਨਾਮ ਗੁਰਬਾਣੀ ਦੇ ਰੰਗਾਂ ਵਾਲਾ ਸਤਿਸੰਗ ਕਰਦੇ ਹਨ, ਓਦੋਂ ਅਸਚਰਜ ਅਨੰਦ-ਬਿਨੋਦੀ ਲੀਲਾ ਬਣਦੀ ਹੈ, ਜੋ ਬੜੇ ਬੜੇ ਰਾਜਿਆਂ ਮਹਾਰਾਜਿਆਂ ਨੂੰ ਭੀ ਨਸੀਬ ਨਹੀਂ ਹੁੰਦੀ। ਸਗੋਂ ਰਾਜੇ ਮਹਾਰਾਜੇ ਤਾਂ ਰਾਜ ਸਾਜ ਕਰਦੇ ਹੋਏ ਭੀ ਸੋਗੀ ਰੰਜੋਗੀ ਰਹਿੰਦੇ ਹਨ। ਵਿਸ਼ੇ ਵਿਕਾਰਾਂ ਦੀ ਖਿੱਚ ਨੇ ਓਹਨਾਂ ਦਾ ਮਨ ਮੁਸੱਰਤੀ ਮੱਚ ਮਾਰ ਦਿੱਤਾ ਹੁੰਦਾ ਹੈ । ਉਹਨਾਂ ਦੇ ਚੇਹਰੇ ਤੇ ਬਸ਼ਾਸ਼ਤ ਆਉਂਦੀ ਹੀ ਨਹੀਂ। ਸਦਾ ਗ਼ਮੀ ਦੀ ਗਨੂਦਗੀ ਭਰੀ ਆਲੂਦਗੀ ਨੁਮਾਇਆਂ ਰਹਿੰਦੀ ਹੈ।

ਪਰਵਾਰ-ਸਾਧਾਰੀ ਗੁਰਮੁਖ ਜਨਾਂ ਦੇ ਹਿਰਦਿਆਂ ਦੇ ਸਦਾ ਸ਼ਗੁਫਤੀ ਖੇੜੇ ਓਹਨਾਂ ਦੇ ਚਿਹਰਿਆਂ ਨੂੰ ਭੀ ਖਿੜਾਈ ਮਹਿਜ਼ਾਈ ਰਖਦੇ ਹਨ। ਉਹ ਸਦਾ ਹਸੰਦੇ ਵਿਗਸੰਦੇ ਰਹਿੰਦੇ ਹਨ। ਮਗਨ-ਆਨੰਦੀ ਕੋਲ ਕਰਦੇ ਰਹਿੰਦੇ ਹਨ। ਭੁੰਚਣ ਯੋਗ ਪਦਾਰਥਾਂ ਨੂੰ ਭੁੰਚਦਿਆਂ, ਪਹਿਰਨ ਯੋਗ ਸਾਧਾਰਨ ਗੁਰਮੁਖੀ ਪੁਸ਼ਾਕਿਆਂ ਨੂੰ ਪਹਿਰਦਿਆਂ ਫ਼ੈਸ਼ਨ-ਪ੍ਰਸਤੀ ਅਤੇ ਇਸ਼ਰਤ ਇਸ਼ਰਤੀ ਤੋਂ ਸਦਾ ਨਿਰਲੇਪ ਰਹਿੰਦੇ ਹਨ। ਐਸ਼-ਪ੍ਰਸਤਾਂ ਦੀ ਸ਼ਰਰ-ਅੰਗੇਜ਼ ਜ਼ੇਬਾਇਸ਼ ਆਰਾਂਇਸ਼ ਨੁਮਾਇਸ਼ ਦਾ ਤਿਨ੍ਹਾਂ ਨੂੰ ਲੇਸ ਨਹੀਂ ਲਗਦਾ।

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆਂ ਵਿਚੇ ਹੋਵੈ*

ਮੁਕਤਿ॥੨॥੧੯॥ ਅੰਗ - ੫੨੨

ਇਸ ਦਾ ਇਹ ਭਾਵ ਨਹੀਂ ਕਿ ਸਿਨਮੇ ਥੀਏਟਰਾਂ ਵਾਲੇ ਖੇਲ ਤਮਾਸ਼ੇ ਨਿਸੰਗ ਦੇਖਣ ਤੇ ਮਨ-ਭਾਉਂਦੇ ਐਸ਼ ਮਾਨਣ। ਏਹਨਾਂ ਭੰਵਰ-ਕਰਮਾਂ ਤੋਂ ਦੂਰ ਰਹਿੰਦੇ ਹੋਏ ਉਨ੍ਹਾਂ ਦੇ ਮਨ ਅਹਿਲਾਦ ਪ੍ਰਮਾਰਥੀ ਰੰਗ ਵਾਲੇ ਹੁੰਦੇ ਹਨ। ਗ੍ਰਿਹਸਤ ਰਾਜ ਦਾ ਆਨੰਦ ਅਹਿਲਾਦੀ ਸੁਆਦ ਨਾਮ ਰਸੀਅੜੇ ਗੁਰਮੁਖ ਜਨ ਹੀ ਮਾਣਦੇ ਹਨ ਅਤੇ ਗ੍ਰਿਹਸਤ ਵਿਚ ਰਹਿ ਕੇ ਹੀ ਮਾਣਦੇ ਹਨ। ਇਸ ਕਰਕੇ ਹੀ ਤਿਨ੍ਹਾਂ ਦੀ ਰਾਜ ਲੀਲ੍ਹਾ ਅਸਚਰਜ ਬਿਸਮਤਾ ਵਾਲੀ ਹੁੰਦੀ ਹੈ, ਜਿਸ ਦੇ ਅਗੇ ਹੋਰ ਲੀਲ੍ਹਾਵਾਂ, ਕ੍ਰਿਸ਼ਨ ਲੀਲ੍ਹਾ ਤੋਂ ਰਾਮ ਲੀਲ੍ਹਾ ਵਾਲੀਆਂ ਸਭ ਮਾਤ ਹਨ। ਰਾਜ ਲੀਲ੍ਹਾ ਵਾਲਾ ਸੁਹਾਗ ਤਾਂ ਤਿਨ੍ਹਾਂ ਨੂੰ ਐਉਂ ਬਣਿ ਆਉਂਦਾ ਹੈ, ਅਤੇ ਤੱਤ ਪ੍ਰਮਾਰਥੀ ਸੱਚਾ ਯੋਗ ਉਹਨਾਂ ਨੂੰ ਬਣਿ ਆਂਵਦਾ ਹੈ, ਕੀਰਤਨ ਗਾਇਆਂ।

ਵਾਹਿਗੁਰੂ ਦੇ ਆਤਮ-ਰੰਗਾਂ ਵਾਲਾ ਕੀਰਤਨ ਗੁਰਮੁਖ ਗ੍ਰਿਹਸਤੀਆਂ ਨੂੰ ਸਹਜ ਜੋਗ ਵਿਚ ਸੁਤੇ ਹੀ ਲੀਨ ਰਖਦਾ ਹੈ। 'ਜੋਗੁ ਬਨਿਆ ਤੇਰਾ ਕੀਰਤਨੁ ਗਾਈ' ਸਚੜਾ ਯੋਗ ਗੁਰਬਾਣੀ ਦਾ ਕੀਰਤਨ ਹੈ। ਕੀਰਤਨ ਵਿਚਿ ਜੁਟਿਆਂ ਇਕ ਤੁਰਤ-ਫੁਰਤੀ ਸੁਰਤਿ-ਅਲੱਥੋ ਨਾਲਿ ਸਹਜ ਜੋਗ ਵਿਚਿ ਜੁੜ ਜਾਈਦਾ ਹੈ। ਪਰਮਾਤਮਾ ਦੇ ਚਰਨਾਂ ਨਾਲਿ ਤੁਰਤ ਫੁਰਤ ਜੋੜਨ ਹਿਤ ਗੁਰਬਾਣੀ ਦਾ ਕੀਰਤਨ ਪਾਰਸ-ਕਲਾ ਰਖਦਾ ਹੈ। ਇਉਂ ਵਾਹਿਗੁਰੂ ਜੀ ਦੀ ਓਟ ਲਇਆਂ, ਵਾਹਿਗੁਰੂ ਦਾ ਓਹਲਾ ਆਸਰਾ ਲਇਆਂ ਗੁਰਮੁਖ ਗ੍ਰਿਹਸਤੀਆਂ ਨੂੰ ਸਰਬ ਸੁਖਾਂ ਦਾ ਬਣਾਓ ਸੁਰੰਜਾਓ ਬਣਿ ਆਉਂਦਾ ਹੈ। ਆਰਥਕ ਪ੍ਰਮਾਰਥਕ ਸੁਖ ਸਾਰੇ ਹੀ ਗੁਰਮੁਖ ਗ੍ਰਿਹਸਤੀਆਂ ਦੇ ਪਿੱਛੇ ਲਗੇ ਫਿਰਦੇ ਹਨ। ਅਤੇ ਅਗਿਆਨ ਭਰਮ ਦੇ ਸਾਰੇ ਪੜਦੇ ਸਤਿਗੁਰੂ ਓਹਨਾਂ ਦੇ ਖੋਲ੍ਹ ਦਿੰਦਾ ਹੈ। ਜਿਤਨੇ ਭੀ ਦੁਖ ਕਲੇਸ਼ ਸੰਸਾਰੀਆਂ ਨੂੰ ਵਿਆਪਦੇ ਹਨ, ਸੋ ਅਗਿਆਨ ਭਰਮ ਕਰਕੇ ਹੀ ਵਿਆਪਦੇ ਹਨ। ਇਸ ਅਗਿਆਨ ਭਰਮ ਦੇ ਪੜਦੇ ਸਤਿਗੁਰੂ ਨੇ ਖੋਲ੍ਹ ਦਿਤੇ ਹਨ, ਆਪਣੇ ਗੁਰਸਿੱਖਾਂ ਦੇ। ਸਭ ਤੋਂ ਵਡਾ ਤੇ ਤਕੜਾ ਜ਼ੋਰ-ਜਕੜਾ ਪੜਦਾ ਹਉਮੈ ਦਾ ਭਰਮ-ਅੰਸਾਰੀ ਅਗਿਆਨ-ਗੁਬਾਰੀ ਪੜਦਾ ਪਿਆ ਹੋਇਆ ਹੁੰਦਾ ਹੈ ਮਨਮੁਖਾਂ ਦੀ ਬੁਧੀ ਤੋਂ ਇਹ ਪੜਦਾ ਨਾਮ ਦੀ ਬਰਕਤਿ ਨਾਲਿ ਤਤਕਾਲ ਹੀ ਫਟ ਜਾਂਦਾ ਹੈ। ਹਉਮੈ ਦਾ ਪੜਦਾ ਪਾੜਨ ਨੂੰ ਗੁਰਮਤਿ ਨਾਮ ਦੀ ਸ਼ਕਤਿ-ਕਲਾ ਅਰਥਾਤ ਸਮਰੱਥਤਾ ਅਜੈ ਕਰਕੇ ਬਲਵਾਨ ਅਤੇ ਸ਼ਕਤ ਮਾਨ ਹੈ ਅਤੇ ਨਾਮ ਸਤਿਗੁਰੂ ਦੀ ਬਖਸ਼ਸ਼ ਹੈ। ਤਾਂ ਤੇ ਇਹ ਆਖਣਾ ਅਤੀਅੰਤ ਹੀ ਉਚਿਤ ਹੈ ਕਿ 'ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ॥' ਸਤਿਗੁਰੂ ਨੇ ਹੀ ਭਰਮ ਦੇ ਪੜਦੇ ਖੋਲ੍ਹ ਦਿਤੇ ਹਨ।

ਸਤਿਗੁਰੂ ਦਾ ਹੁਕਮ ਬੁੱਝ ਕੇ ਸਤਿਗੁਰੂ ਦੇ ਸਮੱਗਰ ਹੁਕਮ ਦੇ ਅਨੁਸਾਰੀ ਆਗਿਆਕਾਰੀ ਹੋ ਕੇ ਗੁਰਸਿਖ ਗ੍ਰਿਹਸਤੀ ਜਨ ਗ੍ਰਿਹਸਤ ਵਿਚਿ ਰਹਿ ਕੇ ਹੀ, ਅਰਥਾਤ, ਬਿਵਹਾਰ ਦਾ ਠਾਠਾ ਬਾਗਾ ਕਰਦੇ ਹੋਏ ਸਾਰੇ ਪ੍ਰਮਾਰਥੀ ਰੰਗ ਰਸ ਮਾਣਦੇ ਹਨ ਅਤੇ ਸਤਿਗੁਰੂ ਦੇ ਸਮੱਗਰ ਹੁਕਮਾਂ ਦਾ ਪੁੰਜ (ਸਮੂਹ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਸ ਅੰਦਰਿ ਸਾਰੇ ਗੁਰ-ਹੁਕਮ ਬਿਰਾਜਮਾਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰਿ ਬਿਰਾਜਮਾਨ ਗੁਰਬਾਣੀ ਸਮੁੱਚੇ ਗੁਰ-ਹੁਕਮਾਂ ਦਾ ਪੁੰਜ ਹੈ। ਗੁਰਸਿਖ ਗ੍ਰਿਹਸਤੀ ਰਾਜ-ਜੋਗੀ ਨਿਤਾਪ੍ਰਤਿ ਅੰਮ੍ਰਿਤ ਵੇਲੇ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ (ਆਵਾਜ਼ਾ) ਲੈਂਦੇ ਹਨ। ਫੇਰ ਉਸੇ ਹੁਕਮ ਦੇ ਅਨੁਸਾਰੀ ਹੁੰਦੇ ਹੋਏ ਕੰਮਾਂ ਵਿਚ ਲਗਦੇ ਹਨ। ਇਉਂ ਕੰਮਾਂ ਵਿਚ ਪਰਵਿਰਤ ਹੁੰਦੇ ਹੋਏ ਭੀ ਨਿਰਵਿਰਤ ਰਹਿੰਦੇ ਹਨ, ਕਰਮ ਕਰਦੇ ਹੋਏ ਭੀ ਨਿਹਕਰਮ ਰਹਿੰਦੇ ਹਨ। ਨਿਹਕੇਵਲ ਰਹਿ ਕੇ ਰਾਜ ਜੋਗ ਮਾਣਦੇ ਹਨ। ਯੋਗ ਪਦ ਤਾਂ ਉਹਨਾਂ ਨੂੰ ਗੁਰਬਾਣੀ ਕੀਰਤਨ ਦੇ ਆਸਰੇ ਸਹਿਜ ਹੀ ਪ੍ਰਾਪਤਿ ਹੋ ਜਾਂਦਾ ਹੈ। ਜਿਸ ਜੰਗ ਨੂੰ ਜੋਗੀ ਸਾਰੀ ਉਮਰ ਟਕਰਾਂ ਮਾਰਿ ਮਾਰਿ, ਹਠ ਕਰਮ ਕਮਾ ਕਮਾ ਕੇ ਭੀ ਪ੍ਰਾਪਤਿ ਨਹੀਂ ਹੁੰਦੇ, ਤਿਸ ਸਹਜ ਦੀ ਪ੍ਰਾਪਤੀ ਗੁਰਮੁਖ-ਉਦਾਸੀਆਂ ਲਈ ਇਕ ਖੱਬੇ ਹੱਥ ਦੀ ਖੇਡ ਹੈ। ਸਤਿਗੁਰੂ ਦੇ ਹੁਕਮਾਂ ਅਨੁਸਾਰੀ ਕਰਮ ਕਮਾਵਣੇ ਹੀ ਸਤਿਗੁਰੂ ਦੀ ਸੱਚੀ ਸੇਵਾ ਹੈ। ਸਤਿਗੁਰੂ ਦਾ ਹੁਕਮਾਂ ਸਿਰ ਹੁਕਮ ਅਤੇ ਸਤਿਗੁਰੂ ਹੁਕਮਾਂ ਦਾ ਦਰਸਾਇਆ ਕਰਮਾਂ ਸਿਰ ਕਰਮ ਸਤਿਗੁਰੂ ਦਰਸਾਈ ਦ੍ਰਿੜਾਈ ਤੱਤ-ਸੇਵਾ ਸਿਮਰਨ ਸਿਫਤਿ ਸਾਲਾਹ ਹੈ। ਇਸ ਸਿਮਰਨ ਰੂਪੀ ਸੇਵਾ ਦੇ ਨਿਹਕਰਮ ਕਮਾਵਣ ਕਰਿ ਮਹਾਂ ਨਿਰਬਾਣ ਪਦ ਹਾਸਲ ਹੁੰਦਾ ਹੈ। ਸਤਿਗੁਰ ਸੇਵਾ ਮਹਾ ਨਿਰਬਾਣੇ। ਜੋ ਅੱਜ ਤਾਈਂ ਕਿਸੇ ਜੋਗੀ ਸਹਜੋਗੀ ਕਰਮ ਜੋਗੀ ਨੂੰ ਹਾਸਲ ਨਹੀਂ ਹੋਇਆ। ਇਸ ਤੋਂ ਬੁੱਧ ਸਾਰਖੇ ਮਾਇਆ-ਤਿਆਗੀ ਤਪੀ ਭੀ ਵਾਂਝੇ ਰਹਿ ਗਏ। ਨਿਰਬਾਣ ਅਟੱਲ ਨਿਹਚਲ ਪਦ ਵਾਲਾ ਮਹਾਂ ਨਿਰਬਾਣ ਹੈ, ਜੋ ਅਕਾਲ ਪੁਰਖ ਨਾਲਿ ਮਿਲਾ ਦਿੰਦਾ ਹੈ।

ਗੁਰਮਤਿ ਅੰਦਰ ਅਕਾਲ ਪੁਰਖ ਦਾ ਮਿਲਾਪ ਹੀ ਨਿਰਬਾਨ, ਮਹਾਂ ਨਿਰਬਾਣ ਹੈ। ਬੁੱਧ ਮੱਤ ਅੰਦਰ 'ਨਿਰਬਾਣ' ਇਕ ਮਹਾਂ ਸੁਨਜ ਅਵਸਥਾ ਦਾ ਨਾਉਂ ਹੈ, ਜਿਥੇ ਅਸਤ ਨਾਸਤ ਦੋਵੇਂ ਨਾ ਰਹਿਣ। ਬੁੱਧ ਜੀ ਨੇ ਆਪ ਇਕ

ਜਗ੍ਹਾ ਆਖਿਆ ਹੈ ਕਿ ਰਾਗ ਦੋਖ ਮੋਹ ਦੇ ਮਿਟ ਜਾਣ ਦਾ ਨਾਉਂ ਨਿਰਬਾਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਇਹ ਪਦ (ਨਿਰਬਾਣ) 'ਮਹਾਂ ਸੁ' ਦੇ ਅਰਥਾਂ ਵਿਚਿ ਕਿਤੇ ਨਹੀਂ ਆਇਆ। ਕਲਿਆਣ ਜਾਂ ਮੁਕਤੀ ਦੇ ਅਰਥਾਂ ਵਿਚ ਆਇਆ ਹੈ ਯਾ ਦ੍ਵੰਦਾਂ ਤੋਂ ਛੁਟ ਕੇ ਵਾਹਿਗੁਰੂ-ਪ੍ਰਾਪਤੀ ਦੇ ਅਰਥਾਂ ਵਿਚ ਆਇਆ ਹੈ। ਮਾਇਆ ਤੋਂ ਉੱਚਾ ਉਠ ਕੇ, ਪਰਮਾਤਮਾ ਨਾਲ ਮਿਲਣ ਦੀ ਦਸ਼ਾ, ਨਿਹਚਲ ਪਦ ਅਟੱਲ ਪਦਵੀ ਨੂੰ ਮਹਾਂ ਨਿਰਬਾਣ ਆਖਿਆ ਗਿਆ ਹੈ ਅਤੇ ਜਿਵੇਂ ਮੁਕਤੀ ਨੂੰ ਪ੍ਰਾਪਤਿ ਹੋਏ ਪੁਰਖਾਂ ਨੂੰ ਮੁਕਤ, ਜੀਵਨ-ਮੁਕਤ ਆਖਿਆ ਜਾਂਦਾ ਹੈ, ਤਿਵੇਂ ਹੀ ਨਿਰਬਾਣ ਪਦ-ਪ੍ਰਾਪਤੀ ਵਾਲੇ ਗੁਰਮੁਖ ਜਨ ਨੂੰ ਗੁਰਬਾਣੀ ਵਿਚ 'ਨਿਰਬਾਣ' ਦਾ ਖ਼ਿਤਾਬ ਭੀ ਦਿੱਤਾ ਗਿਆ ਹੈ।

ਜਿਥੇ ਗੁਰਬਾਣੀ ਅੰਦਰਿ 'ਨਿਰਬਾਣ ਕੀਰਤਨ' ਜੁੜਤ ਪਦ ਵਰਤਿਆ ਹੈ ਉੱਥੇ ਨਿਰਬਾਣ ਕੀਰਤਨ ਦਾ ਅਰਥ ਹੈ ਨਿਰਬਾਣ ਪਦ ਨੂੰ ਪੁਚਾਉਣ ਵਾਲਾ ਕੀਰਤਨ, ਨਿਰਬਾਣ ਕਰਨਹਾਰਾ ਕੀਰਤਨ। ਇਕ-ਰਸ ਅਖੰਡ ਕੀਰਤਨ ਨੂੰ ਭੀ ਗੁਰਮਤਿ ਗਿਆਨ ਅੰਦਰਿ ਨਿਰਬਾਣ ਕੀਰਤਨ ਕਰਕੇ ਸੰਕੇਤਿਆ ਜਾਂਦਾ ਹੈ। ਨਿਰਾ ਬਾਣੀ ਦਾ ਕੀਰਤਨ, ਨਿਰੋਲ ਗੁਰਬਾਣੀ ਦੇ ਕੀਰਤਨ ਨੂੰ ਭੀ ਨਿਰਬਾਣ ਕੀਰਤਨ, ਕੀਰਤਨ-ਰਸੀਏ ਆਖਦੇ ਹਨ, ਜਿਸ ਵਿਚ ਕੱਚੀ ਬਾਣੀ ਦਾ ਮਿਲਾਪ ਨ ਹੋਵੇ। ਨਿਰੋਲ (ਨਿਰਾ) ਗੁਰਬਾਣੀ ਦਾ ਹੀ ਕੀਰਤਨ ਹੋਵੇ, ਉਹ ਨਿਰਬਾਣ ਕੀਰਤਨ ਗੁਰਮਤਿ ਅੰਦਰ ਪਰਵਾਨ ਅਤੇ ਪ੍ਰਧਾਨ ਹੈ।

ਜਿਸ ਗੁਰਮੁਖ ਜਨ ਨੇ ਗ੍ਰਿਹਸਤ ਵਿਚਿ ਰਹਿ ਕੇ ਹੀ ਗੁਰਮਤਿ ਨਾਮ ਨਿਹਕਾਮ ਦੀਆਂ ਅਤੁਟ ਨਿਰਬਾਣ ਕਮਾਈਆਂ ਕਰ ਕੇ ਅਤੇ ਗੁਰਮਤਿ ਅਭਿਆਸ ਕਰਮ ਕਮਾਉਂਦਿਆਂ ਹੋਇਆਂ ਨਿਹਕਰਮੀ ਰਹਿ ਕੇ ਵਾਹਿਗੁਰੂ ਅਕਸ਼ ਗਿਆਨ ਜਾਣਿਆ ਹੈ, ਪਰਤੱਖ ਗਿਆਨ ਪ੍ਰਚੰਡਨੀ ਦਰਸ਼ਨ ਕੀਤਾ ਹੈ, ਸੋਈ ਪਰਵਾਨ ਗ੍ਰਿਹਸਤ ਉਦਾਸ ਸੱਚਾ ਰਾਜ ਜੋਗੀ ਹੈ, ਜਾਗਦਾ ਜੋਗੀ ਹੈ। 'ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ' ਭਾਈ ਗੁਰਦਾਸ ਜੀ ਦਾ ਮਹਾਂ ਵਾਕ ਭੀ ਇਸ ਗੁਰਵਾਕ ਪੰਗਤੀ ਦੀ ਪ੍ਰੋੜਤਾ ਕਰਦਾ ਹੈ। ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ। ਇਸ ਦੇ ਨਾਲਿ ਦੀ ਦੂਜੀ ਗੁਰਵਾਕ-ਪੰਗਤੀ ਦਸਦੀ ਹੈ, ਜੋ ਗੁਰਮੁਖ ਜਨ ਨਾਮ-ਰੰਗਾਂ ਵਿਚਿ ਰੱਖਿਆ ਹੋਇਆ ਹੈ ਸੋ ਜਨ ਨਿਰਬਾਣ ਹੈ, ਅਰਥਾਤ ਨਿਰਬਾਣ ਪਦ ਨੂੰ ਪੁੱਗਿਆ ਹੋਇਆ ਹੈ। ਨਾਮਿ ਰਤਾ ਸੋਈ ਨਿਰਬਾਣ ਅਤੇ ਜਿਸ ਜਪ ਨੂੰ ਨਾਮ ਰੂਪੀ ਸੱਚਾ ਨਿਧਾਨ ਮਿਲਿਆ ਹੈ ਤਿਸ ਦਾ ਇਹ ਨਾਮ-ਨਿਧਾਨੀ ਖਜ਼ਾਨਾ ਫੇਰ ਸਦਾ ਭਰਿਆ ਹੀ (ਪੂਰਿਆ ਹੀ) ਰਹਿੰਦਾ ਹੈ, ਕਦੇ ਨਿਖੁਟਦਾ ਨਹੀਂ। ਨਾਮ ਨਾਲ ਭਰਪੂਰ ਹੀ ਰਹਿੰਦਾ ਹੈ। ਇਕ ਵਾਰ ਇਹ ਨਾਮ ਰੂਪੀ ਨਿਧਾਨ ਮਿਲ ਜਾਏ ਸਹੀ, ਫੇਰ ਇਹ ਉਸ ਗੁਰਮੁਖ ਜਨ ਨੂੰ ਮਿਲਿਆ ਨਾਮੁ ਨਿਧਾਨ ਰੂਪੀ ਖਜ਼ਾਨਾ ਕਦੇ ਊਣਾ ਨਹੀਂ ਹੁੰਦਾ, ਸਦਾ ਸੁਭਰ ਭਰਿਆ ਭਰਪੂਰਿਆ ਹੀ ਰਹਿੰਦਾ ਹੈ। 'ਭਨਤਿ ਨਾਨਕ ਤਾ ਕਾ ਪੂਰ ਖਜਾਨਾ॥'

ਜੋ ਜਨ ਵਾਹਿਗੁਰੂ ਨਾਮ ਬਿਨਾਂ ਹੋਰ ਕੋਈ ਕਰਮ, ਕਿਰਿਆ, ਕੰਮ ਸੰਦੀ ਸੇਵਾ ਨਹੀਂ ਕਰਦਾ ਉਹ ਨਿਹਕੇਵਲ-ਕਰਮੀਆ ਹੈ। ਹੋਰ ਸਭ ਕਰਮਾਂ ਤੋਂ ਨਿਹਕਰਮ ਹੋ ਕੇ ਜੋ ਕੇਵਲ ਵਾਹਿਗੁਰੂ ਪ੍ਰਾਇਣ ਕਰਮ ਹੀ ਕਰਦਾ ਹੈ, ਉਹ ਗੁਰਮਤਿ ਅੰਦਰਿ ਨਿਹਕੇਵਲ ਕਰਮ ਕਮਾਵਣਹਾਰਾ ਸਦਾਉਂਦਾ ਹੈ। ਜਿਸ ਦੇ ਨਿਕਟਿ ਵਾਹਿਗੁਰੂ ਨਾਮ ਅਭਿਆਸ ਕਮਾਈ ਹੀ ਵਾਹਿਗੁਰੂ ਦੀ ਸੇਵਾ ਹੈ, ਹੋਰ ਦੂਜੀ ਸੇਵਾ ਦੁਤੀਏ ਭਾਵ ਦੀ ਪੂਜਾ ਜਿਸ ਦੇ ਭਾਣੇ ਨਫ਼ੀ (ਨਿਲ) ਹੀ ਹੈ, ਉਹ ਨਿਹਕੇਵਲ ਕਰਮ ਕਮਾਵਨੀਆਂ ਕਮਾਉਂਦਾ ਹੈ। ਜਿਸ ਦੇ ਉਚ ਆਦਰਸ਼ੀ ਇਰਾਦੇ ਅੰਦਰਿ ਵਾਹਿਗੁਰੂ ਨਾਮ ਸਿਮਰਨ ਦੇ ਵਾਹਿਗੁਰੂ ਦਰਸ਼ਨ, ਵਾਹਿਗੁਰੂ ਪ੍ਰਾਪਤੀ ਮਈ ਫਲ ਤੋਂ ਬਿਨਾਂ ਹੋਰ ਫਲਾਂ ਤੋਂ ਨਿਰ-ਇਛਤ ਰਹਿਣਾ ਦ੍ਰਿੜ ਹੋਇਆ ਵਿਆ ਹੈ; ਉਹ ਨਿਹਕੇਵਲ ਕਰਮ ਕਰਨਹਾਰਾ ਨਿਰਇਛਤੀਆ ਊਤਮ ਫਲ ਵਾਲਾ ਹਰਿ ਕਾ ਲੋਗੁ ਹੈ। ਜਿਸ ਨੇ ਵਾਹਿਗੁਰੂ ਨਾਮ ਸਿਮਰਨ ਰੂਪੀ ਸੇਵਾ ਤੋਂ ਬਿਨਾਂ ਦੂਜੀ ਸੇਵਾ ਕਰਣਾ ਮਾਨੁ ਜਨਮਥ ਨੂੰ ਬਿਰਥਾ ਗੰਵਾਵਣਾ ਮੰਨਿਆ ਹੋਇਆ ਹੈ, ਉਹ ਅਨਿੰਨ ਅਕਾਲ ਸੇਵੀ ਅਕਾਲ ਪੁਰਖ ਦਾ ਸੱਚਾ ਸੁੱਚਾ ਆਸ਼ਕ ਉਪਾਸ਼ਕ ਜਨ ਨਿਹਕੇਵਲ ਕਰਮ ਕਰਨ ਦਾ ਸਾਦਕ ਸਿਦਕੀਆ ਸ਼ਰਧਾਵਾਨ ਹੈ। ਜਿਸ ਜਨ ਨੇ ਵਾਹਿਗੁਰੂ ਨਾਮ ਅਤੇ ਵਾਹਿਗੁਰੂ ਦੀ ਪ੍ਰੀਤ ਨੂੰ ਸੱਚੀ ਅਤੇ ਕਰਨ ਜੋਗ ਹਕੀਕੀ ਪ੍ਰੀਤ ਕਰ ਕੇ ਜਾਣਿਆ ਹੈ, ਜਿਸ ਨੇ ਵਾਹਿਗੁਰੂ ਸਿਮਰਨ ਵਾਲੀ ਰੀਤੀ ਨੂੰ ਹੀ ਸੱਚੀ, ਸਚ-ਰੀਤਾਵਨੀ ਰੀਤ ਕਰਕੇ ਸਮਝਿਆ ਹੋਇਆ ਹੈ ਅਤੇ ਮਨ ਬਚ ਕਰਮ ਕਰਕੇ ਸਮਝਿਆ ਹੋਇਆ ਹੈ ਓਹੀ ਸੱਚਾ ਨਿਹਕੇਵਲ ਕਰਮ ਰੀਤ ਰੀਤੋਂਨੀਆ, ਨਿਹਕੇਵਲ ਕਰਮ-ਕਰਮੀਆ ਹੈ। ਜਿਸ ਵਾਹਿਗੁਰੂ ਨਾਮ ਦੇ ਅਨਿੰਨ ਉਪਾਸ਼ਕ ਨੇ, ਗੁਰਬਾਣੀ ਪੜ੍ਹਨ ਸੁਣਨ ਗਾਵਣ ਦੇ ਸੱਚੇ ਆਸ਼ਕ ਨੇ ਵਾਹਿਗੁਰੂ ਨਾਮ ਸਿਫਤਿ ਸਾਲਾਹ ਗੁਰਬਾਣੀ ਕੀਰਤਨ ਨੂੰ

***(ਬਾਕੀ ਪੰਨਾ 19 'ਤੇ)***

# ਧਰਮ ਰਾਇ ਦੀ ਦਰਗਾਹ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

*ਵੇਪਰਵਾਹੁ ਅਗੋਚਰੁ ਆਪਿ॥*
*ਆਠ ਪਹਰ ਮਨੁ ਤਾ ਕਉ ਜਾਪਿ॥*
*ਜਿਸੁ ਚਿਤਿ ਆਏ ਬਿਨਸਹਿ ਦੁਖਾ॥*
*ਹਲਤਿ ਪਲਤਿ ਤੇਰਾ ਊਜਲ ਮੁਖਾ॥ ਅੰਗ - ੮੯੬*

*ਇਹ ਲੋਕੇ ਸੁਖੁ ਪਾਇਆ॥*
*ਨਹੀ ਭੇਟਤ ਧਰਮ ਰਾਇਆ॥ ਅੰਗ - ੮੯੮*

ਇਹ ਉਪਰ ਦਿਤੇ ਪ੍ਰਮਾਣ ਨਾ ਸਿਰਫ਼ ਅਗਲੀ ਦਰਗਾਹ ਦਾ ਹੀ ਪੱਕਾ ਪਤਾ ਦਿੰਦੇ ਹਨ, ਸਗੋਂ ਇਹ ਭੀ ਸਪੱਸ਼ਟ ਕਰਦੇ ਹਨ ਕਿ ਨਾਮ ਦੀਆਂ ਕਮਾਈਆਂ ਬਿਨਾਂ ਗਰਭ ਜੂਨਾਂ ਵਿਚ ਮੁੜ ਮੁੜ ਪੈਣਾ ਪੈਂਦਾ ਹੈ ਅਤੇ ਧਰਮ ਰਾਇ ਦਾ ਲੇਖਾ ਭੀ ਦੇਣਾ ਪੈਂਦਾ ਹੈ। ਗੁਰਮਤਿ ਅੰਦਰ ਇਹ ਗੱਲ ਮੰਨੀ-ਪ੍ਰਮੰਨੀ ਹੈ ਕਿ ਧਰਮ ਰਾਇ ਅਕਾਲ ਪੁਰਖ ਦਾ ਕੀਤਾ ਹੋਇਆ, ਥਾਪਿਆ ਹੋਇਆ, ਹੁਕਮੇ ਅੰਦਰ ਸਭ ਜੀਵਾਂ ਦੇ ਕਰਮਾਂ ਦਾ ਨਿਆਉਂ ਨਿਬੇੜਨ ਲਈ ਇਕ ਵਾਸਤਵੀ ਸ਼ਖ਼ਸੀਅਤ (ਹਸਤੀ) ਹੈ, ਜੋ ਅਗਲੀ ਦਰਗਾਹ ਅੰਦਰ ਸਭ ਤੋਂ ਲੇਖਾ ਲੈਂਦਾ ਹੈ। ਸਿਵਾਏ ਉਨ੍ਹਾਂ ਗੁਰਮੁਖਾਂ, ਗੁਰੂ ਦੇ ਤਾਰੇ ਨਿਸਤਾਰੇ ਨਰਾਂ ਦੇ, ਜਿਨ੍ਹਾਂ ਨੂੰ ਸਤਿਗੁਰੂ ਨਾਨਕ-ਦਸਮੇਸ਼ ਜੀ ਨੇ ਅਪਣਾ ਕੇ ਲੜ ਲਾਇ ਲਿਆ ਹੈ, ਮਤ ਕੋਈ ਇਹ ਗੁਮਾਨ ਕਰੇ ਕਿ ਐਥੇ ਇਸ ਲੋਕ ਵਿਚ ਹੀ ਜੋ ਕੁਝ ਹੈ, ਸੋ ਹੈ, ਅਗਲੀ ਦਰਗਾਹ ਤੇ ਦਰਗਾਹੀ ਲੇਖੇ ਸਭ ਮਨੋਕਲਪਤ ਗੱਲਾਂ ਹੀ ਹਨ। ਕੀ ਸਤਿਗੁਰੂ ਸੱਚੇ ਪਾਤਸ਼ਾਹ ਨੇ ਧੁਰੋਂ ਆਈ ਸਚੀ ਬਾਣੀ ਅੰਦਰ ਅਗਲੀ ਦਰਗਾਹ ਸਬੰਧੀ ਐਵੇਂ ਕਲਪਤ ਖ਼ਿਆਲ ਹੀ ਖ਼ਿਆਲੇ ਹਨ? ਹਰਗਿਜ਼ ਨਹੀਂ। ਇਹ ਉਨ੍ਹਾਂ ਲੋਕਾਂ ਦਾ ਅਸ਼ਰਧਕ-ਪੁਣਾ ਤੇ ਮਨਮੁਖਤਾ ਹੈ ਜੋ ਐਸੇ ਗ਼ਲਤ ਵਿਚਾਰ ਮਨ ਵਿਚ ਲਿਆਉਂਦੇ ਹਨ। ਇਕ ਨਹੀਂ, ਅਨੇਕਾਂ ਹੀ ਗੁਰਵਾਕ ਇਸ ਪ੍ਰਥਾਇ ਗੁਰੂ ਸਾਹਿਬ ਨੇ ਉਚਾਰੇ ਹਨ ਕਿ ਅਗਲੀ ਦਰਗਾਹ ਸਚਮੁਚ ਹੈ, ਜਿਸ ਦੀ ਹੋਂਦ ਸਬੰਧੀ ਸਬੂਤ ਲਈ ਹੇਠ ਲਿਖੇ ਗੁਰ ਪ੍ਰਮਾਣ ਦਿਤੇ ਜਾਂਦੇ ਹਨ -

*ਨਾਮੁ ਬਿਸਾਰਿ ਪਚਹਿ ਅਭਿਮਾਨੁ॥*
*ਨਾਮ ਬਿਨਾ ਕਿਆ ਗਿਆਨ ਧਿਆਨੁ॥*
*ਗੁਰਮੁਖਿ ਪਾਵਹਿ ਦਰਗਹਿ ਮਾਨੁ॥੩॥ ਅੰਗ - ੯੦੫*

ਨਾਮ ਬਿਨਾ ਫੋਕਾ ਗਿਆਨ ਧਿਆਨ ਕਿਸੇ ਕੰਮ ਨਹੀਂ। ਫੋਕਟ ਸਹਸ ਸਿਆਣਪੀ ਅਭਿਮਾਨ ਵਾਲਾ ਹੀ ਇਹ ਚੁੰਚ-ਕਥਨੀਆ ਗਿਆਨ ਧਿਆਨ ਹੈ ਜੋ ਅਗਲੀ ਦਰਗਾਹ ਸਬੰਧੀ ਸ਼ੰਕਾ ਪੈਦਾ ਕਰਦਾ ਹੈ ਤੇ ਕਿੰਤੂ ਕਰਾਉਂਦਾ ਹੈ, ਗੁਰਮਤਿ ਗਿਆਨ ਦੇ ਤਤ ਧਿਆਨੀ ਗੁਰਮੁਖ ਜਨ ਹੀ ਸਚੀ ਦਰਗਾਹ ਅੰਦਰ ਮਾਨ ਪਾਉਂਦੇ ਹਨ ਤੇ ਸਦਸਦੀਵੀ ਆਤਮਕ ਰੰਗ-ਰਲੀਆਂ ਮਾਣਦੇ ਹਨ ਅਤੇ ਹਰਿ ਦਰਗਾਹ ਵਿਚ ਸੋਭਾਵੰਤ ਕਹਾਉਂਦੇ ਹਨ -

*ਬਿਨੁ ਸਚੇ ਨਹੀ ਦਰਗਹ ਮਾਨੁ॥*
*ਹਰਿ ਰਸੁ ਪੀਵੈ ਛੁਟੈ ਨਿਦਾਨਿ॥ ਅੰਗ - ੯੩੭*

ਵਾਹਿਗੁਰੂ ਸਚੇ ਦੇ ਸਚ ਪ੍ਰਾਪਤੀ ਬਿਨਾਂ ਹਰਿ-ਦਰਗਾਹੀ ਮਾਨ ਕਿਸੇ ਨੂੰ ਨਹੀਂ ਮਿਲਦਾ। ਗੁਰਮਤਿ ਨਾਮ ਦੀਆਂ ਅਤਟ ਕਮਾਈਆਂ ਕਰਨ ਤੋਂ ਹਰਿ-ਰਸ, ਅੰਤਰ ਆਤਮੇ ਰਸ ਆਉਂਦਾ ਹੈ। ਇਸ ਹਰਿ-ਰਸ ਦੇ ਅੰਦਰ ਰਸ-ਰਸੇ, ਰਸੀਆਂ ਦਾ ਹੀ ਅਗਲੀ ਦਰਗਾਹ ਵਿਚ ਛੁਟਕਾਰਾ ਹੈ, ਦੂਜੇ ਫੋਕਟ-ਕਰਮੀਆਂ ਦਾ ਛੁਟਕਾਰਾ ਕਦੇ ਨਹੀਂ ਹੁੰਦਾ।

*ਗੁਰਮੁਖਿ ਚੂਕੈ ਆਵਣੁ ਜਾਣੁ॥.......*
*ਗੁਰਮੁਖਿ ਦਰਗਹ ਸਿਫਤਿ ਸਮਾਇ॥*
*ਨਾਨਕ ਗੁਰਮੁਖਿ ਬੰਧੁ ਨ ਪਾਇ॥੪੧॥ ਅੰਗ - ੯੪੨*

ਦੇਖਿਆ, ਗੁਰਮੁਖਾਂ ਦਾ ਆਵਣ ਜਾਣ ਉੱਕਾ ਹੀ ਚੁੱਕ ਗਿਆ। ਗੁਰਮੁਖਾਂ ਨੂੰ ਸਚੀ ਦਰਗਾਹ ਅੰਦਰ ਮਾਣ ਮਿਲਦਾ ਹੈ। ਪਰ ਗੁਰਮੁਖ ਇਹ ਮਾਣ ਮਿਲਣ ਪਰ ਬਫ਼ਾਇ ਕੇ ਫੁੱਲ ਨਹੀਂ ਬਹਿੰਦੇ, ਸਗੋਂ ਸਚੀ ਦਰਗਾਹ ਅੰਦਰ ਸਿਫਤ ਸਲਾਹ ਕਰ ਕਰ ਰਜਦੇ ਨਹੀਂ ਸਿਫ਼ਤ-ਸਲਾਹ ਕਰ, ਸਿਫ਼ਤੀ

ਵਾਹਿਗੁਰੂ ਦੀ ਜ਼ਾਤਿ ਪਾਕਿ ਵਿਚ ਹੀ ਸਮਾਇ ਜਾਂਦੇ ਹਨ। ਗੁਰਮੁਖਾਂ ਦੀ ਸਿਫ਼ਤ-ਸਲਾਹ ਦਾ ਹੱਦ-ਬੰਨਾ ਥਾਂ ਕੋਈ ਨਹੀਂ ਅਤੇ ਨਾ ਹੀ 'ਸਿਫ਼ਤੀ ਸਿਫ਼ਤਿ ਸਮੇਉ' ਦਾ ਹੀ ਕੁਝ ਪਾਰਾਵਾਰ ਹੈ। ਗੁਰਮੁਖ ਜਨ ਲੇਖੇ ਅੰਦਰ ਕਦੇ ਨਹੀਂ ਆਉਂਦੇ। ਲੇਖੇ ਵਾਲਿਆਂ ਨੂੰ ਹੀ ਬੰਧ ਪੈਂਦੇ ਹਨ, ਗੁਰਮੁਖਾਂ ਨੂੰ ਕੋਈ ਬੰਧ ਨਹੀਂ ਪੈਂਦਾ –

*ਜਮਦਰਿ ਬਾਧੇ ਕੋਇ ਨ ਰਾਖੈ॥*
*ਬਿਨੁ ਸਬਦੈ ਨਾਹੀ ਪਤਿ ਸਾਖੈ॥*
*ਮਾਨੈ ਹੁਕਮੁ ਸਭੇ ਗੁਣ ਗਿਆਨ॥*
*ਨਾਨਕ ਦਰਗਹ ਪਾਵੈ ਮਾਨੁ॥ ਅੰਗ - ੯੪੪*

ਗੁਰ ਸ਼ਬਦ ਵਿਹੂਣੇ ਨਿਗੁਰਿਆਂ ਦੀ ਅਗਲੀ ਦਰਗਾਹੇ ਪਤਿ-ਪ੍ਰਤਿਸ਼ਟਾ ਨਹੀਂ ਹੁੰਦੀ। ਨਾ ਹੀ ਕੋਈ ਉਨ੍ਹਾਂ ਦੇ ਛੁਟਕਾਰੇ ਦੀ ਕੋਈ ਸਿਫ਼ਾਰਸ਼ੀ ਸਾਖਾ ਭਰਦਾ ਹੈ। ਨ ਕੋਈ ਉਨ੍ਹਾਂ ਜਮ-ਦਰ ਬੱਧਿਆਂ ਨੂੰ ਛੁਡਾਉਂਦਾ, ਰਖਿੱਆ ਕਰਦਾ ਕਰਾਉਂਦਾ ਹੈ। ਵਾਹਿਗੁਰੂ ਗੁਰੂ ਸਚੇ ਪਾਤਸ਼ਾਹ ਦਾ ਸੱਚਾ ਹੁਕਮ ਮੰਨਣ-ਹਾਰਿਆਂ ਨੂੰ ਹੀ ਸਚੇ ਗੁਰਮਤਿ ਗਿਆਨ ਤੇ ਗੁਣ ਆਇ ਪਰਗਟ ਹੁੰਦੇ ਹਨ, ਜਿਨ੍ਹਾਂ ਦੀ ਬਦੌਲਤ ਤਿਨ੍ਹਾਂ ਨੂੰ ਦਰਗਾਹ ਅੰਦਰ ਮਾਣ ਪ੍ਰਾਪਤ ਹੁੰਦਾ ਹੈ। ਇਹ ਸਤਿਗੁਰੂ ਨਾਨਕ ਦਾ ਸਚਾ ਕਥਨ ਹੈ –

*ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ॥*
*ਗੁਰਮੁਖਿ ਦਰਗਹ ਨ ਆਵੈ ਹਾਰਿ॥*
*(ਸਿਧ ਗੋਸਟਿ, ਪੰਨਾ ੯੪੬)*

ਗੁਰਮੁਖਾਂ ਨੇ ਗੁਰਮਤਿ ਨਾਮ ਦੇ ਬਲ ਕਰਕੇ ਜਮਕਾਲ ਨੂੰ ਮਾਰ ਕੇ ਸਾਰਾ ਜਗ ਜਿੱਤ ਲਿਆ। ਇਸ ਜਗ ਅੰਦਰ ਇਨ੍ਹਾਂ ਨੇ ਸੁਰਖ਼ਰੂਈ ਹਾਸਲ ਕਰ ਲੀਤੀ ਤੇ ਅਗਲੀ ਦਰਗਾਹ ਜਾ ਕੇ ਭੀ, ਉਨ੍ਹਾਂ ਨੂੰ ਹਾਰ ਕਦੇ ਨਹੀਂ ਮਿਲਦੀ, ਜਿੱਤ ਹੀ ਜਿੱਤ ਹੈ।

*ਮਨਮੁਖ ਬੋਲਿ ਨ ਜਾਣਨੀ*
*ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥*
*ਓਇ ਥਾਉ ਕੁਥਾਉ ਨਾ ਜਾਣਨੀ*
*ਉਨ ਅੰਤਰਿ ਲੋਭੁ ਵਿਕਾਰੁ॥*
*ਓਇ ਆਪਣੈ ਸੁਆਇ ਆਇ ਬਹਿ*
*ਗਲਾ ਕਰਹਿ, ਓਨਾ ਮਾਰੇ ਜਮੁ ਜੰਦਾਰੁ॥*
*ਅਗੈ ਦਰਗਹ ਲੇਖੈ ਮੰਗਿਐ*
*ਮਾਰਿ ਖੁਆਰੁ ਕੀਚਹਿ ਕੂੜਿਆਰ॥ ਅੰਗ - ੯੪●*

ਨਾਮੋਂ ਸਖਣੇ ਨਿਗੁਰੇ ਮਨਮੁਖਾਂ ਦੇ ਹਿਰਦੇ ਅੰਦਰ ਕਾਮ, ਕ੍ਰੋਧ ਹੰਕਾਰ ਹੀ ਸਦਾ ਵਸਿਆ ਰਹਿੰਦਾ ਹੈ। ਉਨ੍ਹਾਂ ਦੇ ਅੰਦਰੋਂ ਕੁਬੋਲ ਕੁਵਾਕ ਹੀ ਨਿਕਲਦੇ ਹਨ, ਕ੍ਰੋਧ ਤੇ ਹੰਕਾਰ ਭਰੇ ਕੁਬਚਨ ਹੀ ਨਿਕਲਦੇ ਹਨ। ਉਹਨਾਂ ਦੇ ਅਖ਼ਤਿਆਰ ਕੁਝ ਨਹੀਂ ਰਹਿੰਦਾ, ਨ ਉਨ੍ਹਾਂ ਮਦਹੋਸ਼ਾਂ ਨੂੰ ਕੁਝ ਪਤਾ ਰਹਿੰਦਾ ਹੈ ਕਿ ਮੂੰਹੋਂ ਕੀ ਬੋਲਣਾ ਹੈ ਤੇ ਕੀ ਨਹੀਂ ਬੋਲਣਾ। ਉਹ ਕੁਬੋਲ ਕੁਬਚਨ ਬੋਲਣ ਲਗੇ ਥਾਂਉਂ ਕੁਥਾਉਂ ਵੀ ਨਹੀਂ ਵੇਖਦੇ। ਉਹ ਲੋਭ ਵਿਕਾਰ ਦੇ ਗ੍ਰਸੇ ਹੋਏ ਨਿਜ-ਲੋਭ ਵਿਕਾਰੀ ਕੁ-ਵਿਚਾਰ ਹੀ ਮੂੰਹੋਂ ਕੱਢਦੇ ਹਨ। ਉਹ ਆਪਣੇ ਸੁਆਰਥ ਦੀਆਂ ਗੱਲਾਂ ਹੀ ਮੂੰਹੋਂ ਕੱਢਦੇ ਹਨ। ਸਾਰੀ ਆਯੂ ਹੀ ਉਨ੍ਹਾਂ ਦੀ ਇਨ੍ਹਾਂ ਗੱਲਾਂ ਵਿਚ ਬੀਤ ਜਾਂਦੀ ਹੈ। ਅੰਤ ਵੇਲੇ ਉਹ ਜਮ ਜੰਦਾਰ ਦੀਆਂ ਚੋਟਾਂ ਖਾਂਦੇ ਹਨ, ਅਗਲੀ ਦਰਗਾਹ ਵਿਚ ਉਨ੍ਹਾਂ ਤੋਂ ਲੇਖਾ ਮੰਗਿਆ ਜਾਂਦਾ ਹੈ ਤੇ ਅਗਲੀ ਦਰਗਾਹ ਵਿਚ ਤਿਨ੍ਹਾਂ ਨੂੰ ਮਾਰ ਕੇ ਖੁਆਰ ਕੀਤਾ ਜਾਂਦਾ ਹੈ। ਕਿਉਂਕਿ ਲੇਖਾ ਉਹ ਦੇ ਨਹੀਂ ਸਕਦੇ, ਇਸ ਲਈ ਕੂੜ ਨਿਖੁਟੇ ਦਾ ਸਦਾ ਲੇਖਾ ਲਿਆ ਹੀ ਲਿਆ ਜਾਵੇਗਾ –

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚ ਰਹੀ॥੨॥*
*ਅੰਗ - ੯੫੩*

ਏਸ ਗੁਰਵਾਕ ਵਿਚ ਗੁਰੂ ਨਾਨਕ ਸਾਹਿਬ ਸਾਰਿਆਂ ਜਗਿਆਸੂਆਂ ਨੂੰ ਸੰਬੋਧਨ ਕਰ ਕੇ ਸੱਚੀ ਸਿੱਖਿਆ ਦਿੰਦੇ ਹਨ। ਇਸ ਵਿਚ ਗੁਰੂ ਨਾਨਕ ਸਾਹਿਬ ਨੇ ਜੋ ਕੁਝ ਉਚਾਰਿਆ ਹੈ, ਉਹ ਅੱਖਰ ਅੱਖਰ ਸੱਚ ਤੇ ਸਹੀ ਹੈ। ਇਸ ਵਿਚ ਸੰਦੇਹ ਕਿੰਤੂ ਕਰਨ ਦੀ ਗੁੰਜਾਇਸ਼ ਹੀ ਨਹੀਂ।

ਏਸ ਦੁਨੀਆ ਵਿਚ ਕੀਤੇ ਕਰਮਾਂ ਦਾ ਲੇਖਾ ਅਗਲੀ ਦਰਗਾਹ ਅੰਦਰ ਜ਼ਰੂਰ ਦੇਣਾ ਹੈ। ਲੇਖਾ ਹੋਇ ਬਿਨਾਂ ਰਹਿਣਾ ਨਹੀਂ। ਧਰਮਰਾਇ ਦੇ ਰਾਹੀਂ, ਧਰਮ ਰਾਇ ਦਾ ਰੂਪ ਧਾਰ ਕੇ ਪ੍ਰਮੇਸ਼ਵਰ ਆਪ ਸਭਨਾਂ ਦਾ ਲੇਖਾ ਮੰਗੇਗਾ। ਅਗਲੀ ਦਰਗਾਹ ਵਿਚ ਰੱਬ ਨੇ ਧਰਮ ਰਾਇ ਦੀ ਕਚਹਿਰੀ ਬਣਾਈ ਹੋਈ ਹੈ ਤੇ ਧਰਮ ਰਾਇ ਦੇ ਪਾਸ ਵਹੀ ਰਖੀ ਹੋਈ ਹੈ, ਜਿਸ ਉਤੇ ਹਰ ਇਕ ਜੀਵ ਦੇ ਇਕ ਇਕ ਕਰਮ ਦਾ ਲੇਖਾ ਲਿਖਿਆ ਹੋਇਆ ਹੈ। ਜਿਨ੍ਹਾਂ ਆਕੀਆਂ ਨੇ ਰੱਬ-ਰਜ਼ਾਈ ਦੇ ਗੁਰਮਤਿ ਰਜ਼ਾਕਾਰੀ ਹੁਕਮ ਨਹੀਂ ਮੰਨੇ, ਤਿਨ੍ਹਾਂ ਨੂੰ ਧਰਮ ਰਾਇ ਦੀ ਦਰਗਾਹ ਵਿਚ ਤਲਬਾਂ ਪੈਣਗੀਆਂ। ਜਿਨ੍ਹਾਂ ਦੀ ਰਿਣ-ਕਰੰਮੀ ਬਾਕੀ ਦੇਣਦਾਰੀ ਧਰਮਰਾਇ ਦੀ ਵਹੀ ਵਿਚ ਦਰਜ ਹੈ, ਤਿਨ੍ਹਾਂ ਨੂੰ ਜ਼ਰੂਰ ਤਲਬਾਂ ਪੈਣਗੀਆਂ। ਅਜ਼ਰਾਈਲ ਸਾਰਖੇ ਜਮਦੂਤ ਫ਼ਰਿਸ਼ਤੇ ਉਨ੍ਹਾਂ ਨੂੰ ਪਕੜ ਪਕੜ ਕੇ ਧਰਮਰਾਇ ਦੀ ਕਚਹਿਰੀ ਵਿਚ ਲਿਆ ਹਾਜ਼ਰ ਕਰਨਗੇ। ਉਨ੍ਹਾਂ ਨੂੰ ਇਸ ਭੀੜੀ ਗਲੀ ਵਿਚੋਂ ਨੱਸਣ ਦਾ ਰਾਹ ਭੀ ਕੋਈ ਨਹੀਂ ਦਿਸੇਗਾ, ਨ ਸੁਝੇਗਾ। ਕੂੜਿਆਰਾਂ ਦੀਆਂ ਸਭ ਸਿਆਣਪਾਂ ਚਤਰਾਈਆਂ ਨਿਖੁਟ ਜਾਣਗੀਆਂ। ਸਭ ਕੂੜਿਆਰ

ਨਿਖੁਟ ਜਾਣਗੇ, ਕੂੜ ਭੀ ਨਿਖੁਟ ਜਾਵੇਗਾ। ਓੜਕ ਸਚ ਤੇ ਸਚਿਆਰਾਂ ਨੇ ਹੀ ਕਾਇਮ ਦਾਇਮ ਰਹਿਣਾ ਹੈ। ਇਹ ਸਚ ਵਰਤਾਰੀਏ ਬਚਨ ਹਨ ਗੁਰੂ ਨਾਨਕ ਸਾਹਿਬ ਜੀ ਦੇ, ਜਿਨ੍ਹਾਂ ਨੇ ਜ਼ਰੂਰ ਵਰਤ ਕੇ ਰਹਿਣਾ ਹੈ, ਕਦੇ ਆਹਲੇ (ਖ਼ਾਲੀ) ਨਹੀਂ ਜਾਣਾ। ਏਸ ਉਪਰੋਕਤ ਵਾਕ ਵਿਚ ਜੋ ਕੁਝ ਭੀ ਉਚਾਰਣ ਹੋਇਆ ਹੈ, ਸਭ ਸਹੀ ਅਤੇ ਪੱਥਰ ਤੇ ਲੀਕ ਹੈ, ਪਕੀ ਤਸਦੀਕ ਹੈ। ਬਸ!

*ਨਾਨਕ ਨਾਮੁ ਜਪਤ ਸੁਖੁ ਊਪਜੈ ਦਰਗਹ ਪਾਈਐ ਥਾਉ॥੧॥ ਅੰਗ - ੯੬੩*

ਗੁਰੂ ਨਾਨਕ ਦੇ ਘਰਿ ਦਰਿ ਦੇ ਗੁਰਵਾਕ ਅਨੁਸਾਰ ਦਰਸਾਇਆ ਗੁਰਮਤਿ-ਨਾਮ ਜਪ ਕੇ ਹੀ ਅਗਲੀ ਦਰਗਾਹੇ ਜਾ ਕੇ ਥਾਉਂ ਮਿਲਦਾ ਹੈ ਅਤੇ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਵਿਛੜਿਆਂ ਨੂੰ ਪ੍ਰਭੂ ਨਾਲਿ ਮੇਲਣ-ਹਾਰ ਹਰਿ-ਦਰਗਾਹ ਦਾ ਸੱਚਾ ਬਸੀਠ (ਵਿਚੋਲਾ) ਸਤਿਗੁਰੂ ਆਪ ਹੀ ਹੈ।

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥*
*ਅੰਗ - ੯੫੭*

ਇਹ ਗੁਰੂ ਅਰਜਨ ਸਾਹਿਬ ਪੰਚਮ ਪਾਤਸ਼ਾਹ ਦੀ ਸਚ ਸ਼ਦਾਕਤੀ ਸ਼ਹਾਦਤ ਹੈ। ਪਰ ਅਗਲੀ ਦਰਗਾਹ ਵਿਚ ਬਸੀਠੀ ਕਰਨ ਵਾਲਾ ਕੇਵਲ ਸਤਿਗੁਰੂ ਹੀ ਹੈ। ਸੱਚੇ ਸਤਿਗੁਰੂ ਦੇ ਸੱਚੇ ਹੁਕਮ ਦੇ ਅਨੁਸਾਰੀ ਜੋ ਜੋ ਜਨ ਹੋਏ ਹਨ ਤੇ ਜਿਨ੍ਹਾਂ ਨੇ ਕਰਤਾਰ ਦੀ ਹੁਕਮ-ਰਜ਼ਾ ਵਾਲੀ ਗੱਲ ਮੰਨੀ ਹੈ ਅਤੇ ਭਲੀ ਕਰਕੇ ਮੰਨੀ ਹੈ ਤਿਨ੍ਹਾਂ ਨੇ ਹੀ ਖਸਮ ਨੂੰ ਸੱਚ ਕਰ ਕੇ ਪਛਾਣਿਆ ਹੈ ਸੋਈ ਸੱਚੀ ਦਰਗਾਹ ਦੇ ਸੱਚੇ ਮੱਲ ਭਏ ਹਨ। ਤਿਨ੍ਹਾਂ ਨੇ ਸੱਚੇ ਦੀ ਸੱਚੀ ਦਰਗਾਹ ਐਸੀ ਮੱਲੀ ਹੈ ਕਿ ਸੱਚੀ ਦਰਗਾਹ ਮੱਲ ਕੇ ਕਦੇ ਨਹੀਂ ਹਿਲੇ ਅਤੇ ਅਜ਼ਲ ਤੇ ਅਬਦ ਤਕ ਮੱਲ ਮੱਲੀ ਹੀ ਰਖਣਗੇ-

*ਜੋ ਕੀਨ੍ਹੀ ਕਰਤਾਰਿ ਸਾਈ ਭਲੀ ਗਲ॥*
*ਜਿਨ੍ਹੀ ਪਛਾਤਾ ਖਸਮੁ ਸੇ ਦਰਗਹ ਮਲ॥੧੯॥*
*ਅੰਗ - ੯੬੬*

ਪਖੰਡੀਆਂ ਸਾਕਤ ਜਨਾਂ ਦਾ ਅਗਲੀ ਦਰਗਾਹੇ ਇਹ ਹਾਲ ਹੋਵੇਗਾ -

*ਪਾਖੰਡ ਪਾਖੰਡ ਕਰਿ ਕਰਿ ਭਰਮੇ,*
*ਲੋਭੁ ਪਾਖੰਡੁ ਜਗਿ ਬੁਰਿਆਰੇ॥*
*ਹਲਤਿ ਪਲਤਿ ਦੁਖਦਾਈ ਹੋਵਹਿ*
*ਜਮਕਾਲੁ ਖੜਾ ਸਿਰਿ ਮਾਰੇ॥*
*ਸਾਕਤ ਨਰ ਸਭਿ ਭੂਖ ਭੁਖਾਨੇ,*
*ਦਰਿ ਠਾਢੇ ਜਮ ਜੰਦਾਰੇ॥ ਅੰਗ - ੯੮੧*

ਡਿਠਾ ਜੇ! ਸਾਕਤ ਨਰਾਂ ਲੋਭੀਆਂ ਪਖੰਡੀਆਂ ਨੂੰ ਜਮ ਜੰਦਾਰ ਦੇ ਦਰ ਤੋਂ ਭੁਖਣ-ਭੁੱਖੇ ਦੁਖਦਾਈ ਮਾਰਾਂ ਖਾਂਦੇ ਹੋਏ ਖਲੋਵਣਾ ਹੋਵੇਗਾ। ਤਿਨ੍ਹਾਂ ਦੇ ਹਲਤੁ ਪਲਤ ਦੋਵੇ ਦੁਖਦਾਈ ਹੋਣਗੇ। ਓਦੋਂ ਹੀ ਪਤਾ ਲਗੇਗਾ ਜਦੋਂ ਮਰਨ ਤੋਂ ਪਿਛੋਂ ਅਗੇ ਜਮਾਂ ਦੀ ਮਾਰ ਪਏਗੀ। ਏਹਨਾਂ ਘਟਨਾਵਾਂ ਤੋਂ ਅਵੇਸਲੇ ਬੇਖ਼ਬਰ ਹੋਏ ਵੇ ਸਾਕਤ ਨਰ ਮਨੁੱਖਾ-ਦੇਹ ਧਾਰ ਕੇ ਪਾਪ ਕਰਮ ਕਰੀ ਜਾਂਦੇ ਹਨ ਅਤੇ ਐਸੇ ਪਰਵਿਰਤ ਹੁੰਦੇ ਹਨ ਪਾਪ ਕਰਮਾਂ ਵਿਚ ਕਿ ਉਹਨਾਂ ਦੀ ਅੱਖ ਹੀ ਨਹੀਂ ਉਘੜਦੀ। ਅੱਖ ਤਾਂ ਤਦੇ ਹੀ ਉਘੜੇ ਜੇ ਗੁਰੂ ਕੀ ਸਿਖਿਆ ਸੁਣਨ ਤੋਂ ਸੁਣ ਕੇ ਸਤਿ ਸਤਿ ਕਰ ਕੇ ਮੰਨਣ। ਜੇ ਉਹਨਾਂ ਨੂੰ ਉਪਰਲੀ ਦਰਗਾਹ ਦਾ ਖ਼ੌਫ਼ ਹੋਵੇ ਤਾਂ ਉਹ ਪਾਪ ਕਰਮ, ਲੋਭ ਪਾਖੰਡ ਵਿਕਾਰਾਂ ਤੋਂ ਬਚਣ। ਲਾ-ਮਜ਼ਹਬ, ਦਹਿਰੀਏ, ਨਾਸਤਕ, ਸਾਕਤ ਪੁਰਸ਼ਾਂ ਦਾ ਇਖ਼ਲਾਕ ਹੋ ਹੀ ਨਹੀਂ ਸਕਦਾ ਜਿਨ੍ਹਾਂ ਨੂੰ ਖ਼ੁਦਾ ਦਾ ਖ਼ੌਫ਼ ਨਹੀਂ, ਜਿਨ੍ਹਾਂ ਨੂੰ ਭੈ ਕੀ ਬਿੰਦ ਨਹੀਂ, ਜਿਨ੍ਹਾਂ ਨੂੰ ਅਗਲੀ ਦੁਨੀਆ, ਪਾਰਲੀ ਦਰਗਾਹ ਦਾ ਨਿਸਚਾ ਨਹੀਂ, ਤਿਨ੍ਹਾਂ ਨੇ ਤਾਂ ਬਸ, ਬੇ-ਦਰੇਗ ਮੰਦ ਕਰਮਾਂ ਵਿਚ ਹੀ ਰਚਤ ਖੱਚਤ ਹੋਣਾ ਹੈ -

*ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ॥*
*ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ॥*
*ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ॥*
*ਅੰਗ - ੧੦੧੦*

ਇਹ ਉਪਰਲਾ ਗੁਰਵਾਕ ਕੈਸੀ ਸੂਝ ਸੁਝਾਉਂਦਾ ਹੈ ਜਿਨ੍ਹਾਂ ਨੇ ਨਾਮ ਵਿਸਾਰ ਦਿੱਤਾ ਹੈ, ਉਨ੍ਹਾਂ ਦਾ ਏਸ ਸੰਸਾਰ ਵਿਚ ਆਉਣਾ ਬੇਅਰਥ ਤੇ ਅਕਾਰਥ ਹੀ ਹੈ। ਉਹ ਇਸ ਸੰਸਾਰ ਵਿਚ ਕਾਸਨੂੰ ਆਏ, ਕੀ ਥੁੜਿਆ ਪਿਆ ਸੀ ਉਨ੍ਹਾਂ ਦੇ ਇਥੇ ਆਉਣ ਖੁਣੋ। ਉਨ੍ਹਾਂ ਨਾਮ-ਵਿਹੂਣਿਆਂ ਨੂੰ ਅੱਗੇ ਪਿਛੇ ਏਸ ਲੋਕ ਤੇ ਪਰਲੋਕ ਵਿਚ ਕਿਤੇ ਤੇ ਕਦੇ ਸੁਖ ਮਿਲਣਾ ਨਹੀਂ। ਗੁਰਮਤਿ-ਗੁਣ-ਵਿਹੂਣੇ, ਨਾਮ-ਸਖਰੂਨੇ ਮਾਣੂੰ, ਕੋਈ ਮਨੁਖ ਯਾ ਇਨਸਾਨ ਹਨ? ਉਹ ਤਾਂ ਛਾਰ (ਮਿੱਟੀ) ਦੇ ਲਦੇ ਹੋਏ ਗੱਡੇ ਸਮਾਨ ਹਨ। ਉਡਾ ਕੇ ਛਾਰ ਉਡਾਉਂਦੇ ਹੀ ਚਲੇ ਜਾਣਗੇ, ਪ੍ਰਮਾਰਥ ਦੀ ਤਿਨ੍ਹਾਂ ਨੂੰ ਸਾਰ ਹੀ ਕਦੇ ਨਹੀਂ ਹੋਣੀ, ਵਿਛੁੜਿਆਂ ਦਾ ਕਦੇ ਮੇਲਾ ਹੋਣਾ ਹੀ ਨਹੀਂ। ਓਨ੍ਹਾਂ ਨੂੰ ਅਗੇ ਜਮ ਦੇ ਦੁਆਰੇ ਜਾ ਕੇ ਘਣੇ ਦੁਖ ਸਹਿਣੇ ਪੈਣਗੇ -

*ਗੁਰਮੁਖਿ ਜਿਨੀ ਨਾਮੁ ਨ ਪਾਇਆ॥*
*ਮਨਮੁਖਿ ਬਿਰਥਾ ਜਨਮੁ ਗਵਾਇਆ॥*
*ਅਗੈ ਵਿਣੁ ਨਾਵੈ ਕੋ ਬੇਲੀ ਨਾਹੀ,*
*ਬੂਝੈ ਗੁਰ ਬੀਚਾਰੀ ਜੀਉ॥ ਅੰਗ - ੧੦੧੯*

# ਤਪਤਿ ਮਾਹਿ ਠਾਢਿ ਵਰਤਾਈ

*[ਗਿਆਨੀ ਕੁੰਭੋਰ ਸਿੰਘ ਜੀ]*

*ਤਪਤਿ ਮਾਹਿ ਠਾਢਿ ਵਰਤਾਈ॥*
*ਅਨਦੁ ਭਇਆ ਦੁਖ ਨਾਠੇ ਭਾਈ॥*
*ਕਲਿ ਤਾਤੀ ਠਾਂਢਾ ਹਰਿ ਨਾਉ॥*
*ਸਿਮਰਿ ਸਿਮਰਿ ਸਦਾ ਸੁਖ ਪਾਉ॥ ਅੰਗ - ੨੮੮*

ਇਸ ਦੇ ਵਿਚਾਰ ਯੋਗ ਗੱਲ ਇਹ ਹੈ ਕਿ ਉਹ ਤਪਸ਼ ਕਿਹੜੀ ਹੈ ਜਿਸ ਬਾਰੇ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਫ਼ਰਮਾਉਂਦੇ ਹਨ ਕਿ ਗੁਰੂ ਪਾਰਬ੍ਰਹਮ ਜੀ ਨੇ ਕਿਰਪਾ ਕਰ ਕੇ ਠੰਢ ਵਰਤਾ ਦਿਤੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ ਜੀਵਾਂ ਨੂੰ ਤਪਾ ਰਹੀ ਤਪਸ਼ ਦਾ ਕਈ ਥਾਈਂ ਉਲੇਖ ਕੀਤਾ ਹੈ। ਜਦੋਂ ਸਤਿਗੁਰੂ ਨਾਨਕ ਦੇਵ ਜੀ ਨੇ ਕਰਤਾਰ ਦੇ ਹੁਕਮ ਅਨੁਸਾਰ ਪ੍ਰਿਥਵੀ ਵਲ ਧਿਆਨ ਮਾਰਿਆ ਤਾਂ ਉਹਨਾਂ ਇਹੋ ਦੇਖਿਆ ਸੀ ਕਿ ਸਚੇ ਗੁਰੂ ਤੋਂ ਬਗ਼ੈਰ ਸੰਸਾਰੀ ਲੋਕ ਅਗਿਆਨਤਾ ਦੇ ਅੰਧਕਾਰ ਕਾਰਨ ਈਰਖਾ, ਦਵੈਤ, ਵੈਰ ਵਿਰੋਧ ਅਤੇ ਕਾਮ ਕ੍ਰੋਧ ਆਦਿਕ ਦੀ ਤਪਸ਼ ਨਾਲ ਜਲ ਬਲ ਰਹੇ ਹਨ। ਜਿਸ ਕਰਕੇ ਹਰ ਪਾਸੇ ਹਾਹਾਕਾਰ ਮਚੀ ਹੋਈ ਹੈ। ਇਸ ਬਾਰੇ ਭਾਈ ਗੁਰਦਾਸ ਜੀ ਜ਼ਿਕਰ ਕਰਦੇ ਹਨ ਕਿ–

*ਬਾਬਾ ਦੇਖੈ ਧਯਾਨ ਧਰ ਜਲਤੀ ਸਭ ਪ੍ਰਿਥਮੀ ਦਿਸ ਆਈ॥*
*ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ॥ ਵਾਰ ੧, ੨੪*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਕਥਨ ਕੀਤਾ ਹੈ ਕਿ ਸਾਕਤ ਜੀਵ ਚਾਰ ਤਰ੍ਹਾਂ ਦੀ ਭਿਆਨਕ ਅੱਗ ਦੀਆਂ ਨਦੀਆਂ ਵਿਚ ਡੁੱਬ ਰਹੇ ਹਨ ਅਤੇ ਝੁਲਸ ਰਹੇ ਹਨ। ਕੇਵਲ ਵਿਰਲੇ ਗੁਰਮੁਖਿ ਹੀ ਇਸ ਗੱਲ ਨੂੰ ਬੁਝ ਕੇ ਗੁਰੂ-ਸ਼ਬਦ ਦੁਆਰਾ ਹਰੀ ਵਾਹਿਗੁਰੂ ਨਾਲ ਲਿਵ ਲਾ ਕੇ ਹਰਿ-ਰੰਗ ਵਿਚ ਰੰਗੇ ਜਾਂਦੇ ਹਨ ਇਸ ਭਿਆਨਕ ਅੱਗ ਤੋਂ ਬਚ ਜਾਂਦੇ ਹਨ। ਜਿਵੇਂ ਕਿ ਮਾਰੂ ਰਾਗ ਵਿਚ ਆਪ ਫ਼ੁਰਮਾਉਂਦੇ ਹਨ –

*ਚਾਰਿ ਨਦੀ ਅਗਨੀ ਅਸਰਾਲਾ॥*
*ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ॥*
*ਸਾਕਤ ਦੁਰਮਤਿ ਡੂਬਹਿ ਦਾਝਹਿ,*
*ਗੁਰਿ ਰਾਖੇ ਹਰਿ ਲਿਵ ਰਾਤਾ ਹੇ॥ ਅੰਗ - ੧੦੩੧*

ਮਾਝ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਹੇਠ ਲਿਖੇ ਸਲੋਕ ਵਿਚ ਇਹਨਾਂ ਚਾਰ ਨਦੀਆਂ ਦਾ ਵਰਨਣ ਇਸ ਪਰਕਾਰ ਕਰਦੇ ਹਨ –

*ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥*
*ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥*
*ਅੰਗ - ੧੪੭*

ਚਾਰ ਅੱਗ ਦੀਆਂ ਨਦੀਆਂ ਇਹ ਹਨ: (੧) ਹੰਸ- ਜੀਵਾਂ ਦੀ ਹਿੰਸਾ ਕਰਨੀ, ਜੀਵਾਂ ਦੀ ਹੱਤਿਆ ਕਰਨੀ, ਜੀਵਾਂ ਨੂੰ ਮਾਰਨਾ, ਸਤਾਣਾ, ਦੁਖੀ ਕਰਨਾ ਇਹ 'ਹੰਸੁ' ਹੈ (ਨੋਟ:- ਹੰਸ ਪਦ ਦੇ ਹੋਰ ਵੀ ਕਈ ਅਰਥ ਹਨ)। (੨) ਹੇਤ- ਮੋਹ। (੩) ਲੋਭ-ਲਾਲਚ। (੪) ਕੋਪ-ਕ੍ਰੋਧ, ਗੁੱਸਾ। ਸੋ ਇਹ ਚਾਰ ਅੱਗ ਦੀਆਂ ਨਦੀਆਂ ਲਿਖੀਆਂ ਗਈਆਂ ਹਨ।

ਤ੍ਰਿਸ਼ਨਾ ਨੂੰ ਭੀ ਗੁਰਬਾਣੀ ਵਿਚ ਅੱਗ ਦੇ ਤੁੱਲ ਦੱਸਿਆ ਗਿਆ ਹੈ।

*ਤ੍ਰਿਸ਼ਨਾ ਅਗਨਿ ਜਲੈ ਸੰਸਾਰਾ॥*
*ਜਲਿ ਜਲਿ ਖਪੈ ਬਹੁਤੁ ਵਿਕਾਰਾ॥*
*ਮਨਮੁਖੁ ਠਉਰ ਨ ਪਾਏ ਕਬਹੂ,*
*ਸਤਿਗੁਰ ਬੂਝ ਬੁਝਾਈ ਹੇ॥*
*ਸਤਿਗੁਰੁ ਸੇਵਨਿ ਸੇ ਵਡਭਾਗੀ॥*
*ਸਾਚੈ ਨਾਮਿ ਸਦਾ ਲਿਵ ਲਾਗੀ॥*
*ਅੰਤਰਿ ਨਾਮੁ ਰਵਿਆ ਨਿਹਕੇਵਲੁ*
*ਤ੍ਰਿਸਨਾ ਸਬਦਿ ਬੁਝਾਈ ਹੇ॥੧੦॥ ਅੰਗ - ੧੦੪੪*

ਵਡੇ ਭਾਗਾਂ ਕਰਕੇ ਸਤਿਗੁਰੂ ਦੀ ਸੇਵਾ ਕੀਤੀ ਜਾਵੇ। ਸਤਿਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਸਦਾ ਲਿਵ

ਲਗੀ ਰਹੇ ਤਾਂ ਜਾ ਕੇ ਇਹ ਤ੍ਰਿਸ਼ਨਾ ਬੁਝਦੀ ਹੈ।

ਗੁਰੂ ਨਾਨਕ ਦੇਵ ਜੀ ਇਹ ਵੀ ਦਸਦੇ ਹਨ ਕਿ ਹਉਮੈ ਵੀ ਅੱਗ ਦੀ ਤਰ੍ਹਾਂ ਜੀਵਾਂ ਨੂੰ ਦੁਖੀ ਕਰਦੀ ਹੈ।

*ਹਉਮੈ ਜਲਿਆ ਮਨਹੁ ਵਿਸਾਰੇ*
*ਜਮ ਪੁਰਿ ਵਜਹਿ ਖੜਗ ਕਰਾਰੇ॥*
*ਅਬ ਕੈ ਕਹਿਐ ਨਾਮੁ ਨ ਮਿਲਈ*
*ਤੂ ਸਹੁ ਜੀਅੜੇ ਭਾਰੀ ਜੀਉ॥ ਅੰਗ - ੯੯੩*

ਅਰਥਾਤ ਜੀਵ ਹਉਮੈ ਦਾ ਜਲਿਆ ਹੋਇਆ ਵਾਹਿਗੁਰੂ ਨਾਮ ਨੂੰ ਮਨੋ ਵਿਸਾਰ ਦੇਂਦਾ ਹੈ, ਜਿਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਮਰਨ ਤੋਂ ਪਿਛੋਂ ਜਮਪੁਰੀ ਵਿਚ ਜਮਾਂ ਦੀਆਂ ਤਲਵਾਰਾਂ ਦੀਆਂ ਕਰਾਰੀਆਂ ਸੱਟਾਂ ਇਸ ਨੂੰ ਵਜਦੀਆਂ ਹਨ। ਸ੍ਰੀ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਅਜਿਹੀ ਮਾਰ ਤੋਂ ਬਚਣ ਵਾਸਤੇ ਤਾਂ ਨਾਮ ਦੀ ਲੋੜ ਸੀ। ਉਸ ਸਮੇਂ ਭਾਵੇਂ ਇਹ ਨਾਮ ਮੰਗੇ, ਪਰ ਨਾਮ ਨਹੀਂ ਮਿਲ ਸਕਦਾ।

ਇਸ ਲਈ ਹੁਣ ਤੂੰ ਆਪਣੀ ਕੀਤੀ ਭੁਗਤ ਤੇ ਪਈ ਬਿਪਤਾ ਨੂੰ ਸਹਾਰ। ਇਹ ਜੀਵ ਜਮਾਂ ਅਗੇ ਭੀ ਭਾਵੇਂ ਇਹੋ ਪ੍ਰਕਾਰ ਕਰੇ ਪਰ ਜਮ ਵੀ ਇਹੋ ਜੁਆਬ ਦੇਂਦੇ ਹਨ ਕਿ ਜਦੋਂ ਨਾਮ ਜਪਣ ਦਾ ਵੇਲਾ ਸੀ, ਤੂੰ ਗਵਾ ਦਿਤਾ, ਤੇ ਹੁਣ ਤੈਨੂੰ ਨਾਮ ਦੀ ਦਾਤ ਕਿਥੋਂ ਮਿਲਣੀ ਹੈ। ਇਸ ਲਈ ਹੁਣ ਆਪਣੀ ਕੀਤੇ ਦੀ ਸਜ਼ਾ ਭੁਗਤ।

ਜਿਥੇ ਕਿ ਅੰਦਰੂਨੀ ਵਿਕਾਰਾਂ ਦੀ ਤਪਸ਼ ਤੋਂ ਬਚਣ ਲਈ ਇਸ ਨੂੰ ਨਾਮ ਸਹਾਈ ਹੁੰਦਾ ਹੈ ਉਥੇ ਬਾਹਰ ਦੀ ਤਪਸ਼ ਤੋਂ ਬਚਣ ਲਈ ਵੀ ਨਾਮ ਸਹਾਈ ਹੁੰਦਾ ਹੈ। ਮਾਤਾ ਦੀ ਗਰਭ-ਅਗਨੀ ਦਾ ਭੀ ਗੁਰਬਾਣੀ ਵਿਚ ਕਈ ਥਾਂਈ ਜ਼ਿਕਰ ਆਉਂਦਾ ਹੈ। ਉਥੇ ਵੀ ਜੀਵ ਸਿਮਰਨ ਦੇ ਪ੍ਰਤਾਪ ਨਾਲ ਬਚਿਆ ਰਹਿੰਦਾ ਹੈ। ਦੇਖੋ ਗੁਰ ਪੰਚਮ ਪਾਤਸ਼ਾਹ ਜੀ ਫ਼ੁਰਮਾਂਦੇ ਹਨ -

*ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ॥*
*ਹਰਿ ਸਿਮਰਤ ਤੂੰ ਨਾ ਜਲਹਿ, ਮਨਿ ਤਨਿ ਉਰ ਧਾਰਿ॥*
*ਅੰਗ - ੨੦੬*

ਸਮਝਾਂਦੇ ਹਨ ਕਿ ਐ ਜੀਵ! ਮਾਤਾ ਦੇ ਗਰਭ ਵਿਚ ਉਲਟਾ ਮੂੰਹ ਭਾਰ, ਅਪਵਿੱਤਰ ਸਥਾਨ ਘੋਰ ਨਰਕ ਦੇ ਹਨੇਰੇ ਵਿਚ ਵਿਆਕੁਲ ਹੋ ਕੇ ਜਦੋਂ ਤੂੰ ਪਿਆ ਸੀ ਉਥੇ ਤੂੰ ਵਾਹਿਗੁਰੂ ਦੇ ਸਿਮਰਨ ਦੁਆਰਾ ਨਹੀਂ ਜਲਿਆ ਸੀ, ਇਸ ਲਈ ਹੁਣ ਵੀ ਤੂੰ ਮਨ ਤਨ ਤੇ ਰਿਦੈ ਵਿਚ ਉਸ ਵਾਹਿਗੁਰੂ ਦੇ ਸਿਮਰਨ ਨੂੰ ਧਾਰਨ ਕਰ। ਇਸ ਦਸ਼ਾ ਨੂੰ ਇਸ ਤਰ੍ਹਾਂ ਵੀ ਬਿਆਨ ਕੀਤਾ ਹੈ -

*ਸੰਜੋਗੁ ਵਿਜੋਗੁ ਧੁਰਹੁ ਹੀ ਹੂਆ॥*
*ਪੰਚ ਧਾਤੁ ਕਰਿ ਪੁਤਲਾ ਕੀਆ॥*
*ਸਾਹੈ ਕੈ ਫੁਰਮਾਇਅੜੈ ਜੀ*
*ਦੇਹੀ ਵਿਚਿ ਜੀਉ ਆਇ ਪਇਆ॥੧॥*
*ਜਿਥੈ ਅਗਨਿ ਭਖੈ ਭੜਹਾਰੇ॥*
*ਊਰਧ ਮੁਖ ਮਹਾ ਗੁਬਾਰੇ॥*
*ਸਾਸਿ ਸਾਸਿ ਸਮਾਲੇ ਸੋਈ*
*ਓਥੈ ਖਸਮਿ ਛਡਾਇ ਲਇਆ॥੨॥*
*ਵਿਚਹੁ ਗਰਭੈ ਨਿਕਲਿ ਆਇਆ॥*
*ਖਸਮੁ ਵਿਸਾਰਿ ਦੁਨੀ ਚਿਤੁ ਲਾਇਆ॥*
*ਆਵੈ ਜਾਇ ਭਵਾਈਐ ਜੋਨੀ,*
*ਰਹਣੁ ਨ ਕਿਤਹੀ ਥਾਇ ਭਇਆ॥੩॥*
*ਅੰਗ - ੧੦੦੭*

ਸੋ ਇਹ ਤੇ ਦੱਸਿਆ ਹੈ ਮਾਤਾ ਦੇ ਗਰਭ ਵਿਚ ਜੀਵ ਦਾ ਹਾਲ। ਹੁਣ ਦੇਖੋ! ਮੰਦੇ ਕਰਮਾਂ ਅਤੇ ਪਾਪਾਂ ਕਰਕੇ ਜੀਵ ਨੂੰ ਅਗੇ ਜਾ ਕੇ ਕਿਸ ਕਿਸ ਕਿਸਮ ਦੀ ਇਸ ਤਪਸ਼ ਤੇ ਤਾਓ ਸਹਿਣੇ ਪੈਂਦੇ ਹਨ।

*ਆਗੋ ਬਿਮਲ ਨਦੀ ਅਗਨਿ ਬਿਖੁ ਝੇਲਾ॥*
*ਤਿਥੈ ਅਵਰੁ ਨ ਕੋਈ ਜੀਉ ਇਕੇਲਾ॥*
*ਭੜ ਭੜੁ ਅਗਨਿ ਸਾਗਰੁ ਦੇ ਲਹਰੀ,*
*ਪੜਿ ਦਝਹਿ ਮਨਮੁਖ ਤਾਈ ਹੇ॥ ਅੰਗ - ੧੦੨੬*

ਦਸਦੇ ਹਨ ਕਿ ਅੱਗੇ ਇੱਕ ਮਲ ਭਰੀ ਵੈਤਰਨੀ ਨਦੀ ਹੈ ਅਤੇ ਅੱਗ ਦਾ ਕੁੰਡ ਹੈ। ਇਹ ਕੁੰਡ ਵੀ ਦਸ ਹਜ਼ਾਰ ਜੋਜਨ ਦਾ ਦਸੀਂਦਾ ਹੈ। ਫਿਰ ਵਿਹੁ (ਬਿਖੁ) ਦੇ ਪੱਤਿਆਂ ਵਾਲਾ ਇੱਕ ਬਣ (ਝੇਲਾ) ਵੀ ਉਥੇ ਦਸੀਂਦਾ ਹੈ। ਇੱਥੋਂ ਮਨਮੁਖਾਂ ਪਾਪੀਆਂ ਦਾ ਜੀਉ ਇਸ ਲੋਕ ਤੋਂ ਪਿਆਨਾ ਕਰਕੇ ਉਥੋਂ ਦੇ ਅਸਹਿ ਦੁੱਖ ਭੋਗਦਾ ਹੈ। ਗੁਰੂ ਜੀ ਦੱਸਦੇ ਹਨ ਕਿ ਉੱਥੇ ਭੱਠ ਦੀ ਤਰ੍ਹਾਂ ਅੱਗ ਬਲਦੀ ਤੇ ਭੜਕਦੀ ਹੈ, ਜਿਸ ਵਿਚ ਮਨਮੁਖਾਂ ਦਾ ਜੀਉ ਸੜਦਾ ਤੇ ਤਪਦਾ ਹੈ। ਗੁਰੂ ਨਾਨਕ ਦੇਵ ਜੀ ਇੱਕ ਹੋਰ ਥਾਂ ਇਸ ਭਿਆਨਕ ਦ੍ਰਿਸ਼ ਨੂੰ ਨਿਰੂਪਨ ਕਰਦੇ ਹਨ -

*ਜਿਥੈ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ॥*
*ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ॥*
*ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ॥*
*ਅੰਗ - ੧੨੮੭*

ਗੁਰੂ ਜੀ ਫੁਰਮਾਉਂਦੇ ਹਨ ਕਿ ਜਿਥੇ ਅੱਗ ਤੇ ਪਾਣੀ ਇੰਨਾ ਹੈ ਕਿ ਜਿਸ ਦਾ ਹੱਦ ਬੰਨਾ ਕੋਈ ਨਹੀਂ, ਉਸ ਦੀ ਥਾਹ ਕੋਈ ਨਹੀਂ, ਉਥੇ ਧਾਹਾਂ ਪੈਂਦੀਆਂ ਤੇ ਰੋਣ ਦੀ ਕੁਰਲਾਹਟ ਮੱਚੀ ਹੁੰਦੀ ਹੈ ਤੇ ਉੱਥੇ ਜਾਣਿਆ ਜਾਂਦਾ ਹੈ ਕਿ ਸ਼ਾਹ ਕਿਹੜਾ ਹੈ ਤੇ ਪਾਤਸ਼ਾਹ ਕਿਹੜਾ ਹੈ। ਭਾਵ

ਇਹ ਹੈ ਕਿ ਜੋ ਇੱਥੇ ਸ਼ਾਹ ਪਾਤਸ਼ਾਹ ਪਾਪ ਕਰਮ ਕਰਦੇ ਹਨ ਉਥੇ ਉਹਨਾਂ ਨੂੰ ਇਹੋ ਜਿਹੇ ਥਾਂ ਕੌਣ ਪਾਤਸ਼ਾਹ ਜਾਂ ਸ਼ਾਹ ਮੰਨਦਾ ਹੈ।

ਇਹ ਕੁਝ ਲਿਖਣ ਦਾ ਮਨੋਰਥ ਕੇਵਲ ਇਹੋ ਦੱਸਣਾ ਹੈ ਕਿ ਨਾਮ ਵਿਹੂਣੇ ਜੀਵ ਇਥੇ ਵੀ ਤੇ ਪਰਲੋਕ ਵਿਚ ਵੀ ਅਨਿਕ ਪ੍ਰਕਾਰ ਦੀ ਤਪਸ਼ ਨਾਲ ਦੁਖੀ ਹੁੰਦੇ ਹਨ। ਇਹੋ ਜਿਹੀ ਅਨਿਕ ਪ੍ਰਕਾਰੀ ਤਪਸ਼ ਤੋਂ ਬਚਣ ਦਾ ਇੱਕੋ ਇੱਕ ਉਪਾਅ ਹੈ ਕਿ ਗੁਰੂ ਵਾਲੇ ਬਣ ਕੇ ਵਾਹਿਗੁਰੂ-ਨਾਮ ਦਾ ਸਿਮਰਨ ਕੀਤਾ ਜਾਇ। ਜਿਵੇਂ ਕਿ ਗੁਰੂ ਜੀ ਫ਼ਰਮਾਉਂਦੇ ਹਨ -

*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*(ਸੁਖਮਨੀ ਸਾਹਿਬ, ਪੰਨਾ ੨੬੪*

ਅਤੇ ਅੰਦਰ ਦੀ ਤਪਸ਼ ਵੀ ਹਰਿ ਨਾਮ ਨਾਲ ਦੂਰ ਹੁੰਦੀ ਹੈ -

*ਚੰਦਨੁ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ॥*
*ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥*
*ਅੰਗ - ੭੦੯*

ਅਰਥਾਤ ਚੰਦਰਮਾ ਦੀ ਠੰਡੀ ਚਾਨਣੀ ਚੰਦਨ ਦੀ ਠੰਡੀ ਸੁਗੰਧੀ ਤੇ ਸਿਆਲ ਦੀ ਠੰਡੀ ਰੁਤ ਵੀ ਅੰਦਰ ਦੀ ਜਲਨ ਦੂਰ ਕਰਨ ਲਈ ਸਹਾਈ ਨਹੀਂ ਇਹ ਤਾਂ ਕੇਵਲ ਹਰੀ ਨਾਮ ਦੇ ਜਾਪ ਨਾਲ ਹੀ ਦੂਰ ਹੋ ਸਕਦੀ ਹੈ ਅਤੇ ਅੰਦਰ ਠੰਡ ਵਰਤ ਸਕਦੀ ਹੈ। ਏਸੇ ਵਾਸਤੇ ਲਿਖਿਆ ਹੈ ਕਿ ਜੋ ਨਾਮ ਸਿਮਰਨ ਕਰਨ ਵਾਲੇ ਹਨ ਉਹੀ ਅਸਲੀ ਅਰਥਾਂ ਵਿਚ ਸੀਤਲ ਹਨ -

*ਨਹ ਸੀਤਲੰ ਚੰਦ੍ਰ ਦੇਵਹ,*
*ਨਹ ਸੀਤਲੰ ਬਾਵਨ ਚੰਦਨਹ॥*
*ਨਹ ਸੀਤਲੰ ਸੀਤ ਰੁਤੇਣ,*
*ਨਾਨਕ ਸੀਤਲੰ ਸਾਧ ਸ੍ਵਜਨਹ॥੩੯॥ ਅੰਗ - ੧੩੫੭*

ਇਸ ਲਈ ਸਤਿਗੁਰੂ ਸਚੇ ਪਾਤਸ਼ਾਹ ਸਚੜੇ ਸਾਧ ਆਪ ਅਜਿਹੇ ਸੀਤਲ ਹਨ ਕਿ ਉਹਨਾਂ ਨਾਲ ਸਪਰਸ਼ ਕਰ ਕੇ ਬਾਕੀ ਲੋਕਾਈ ਵੀ ਤ੍ਰਿਸ਼ਨਾ ਦੀ ਦਾਧੀ (ਸੜੀ ਹੋਈ) ਅਜਿਹੀ ਸੀਤਲ ਹੋ ਜਾਂਦੀ ਹੈ ਕਿ ਮੁੜ ਫਿਰ ਅਜਿਹੀ ਜਲਨ ਤੋਂ ਬਚੀ ਰਹਿੰਦੀ ਹੈ।

(੨) 'ਕੱਲ' ਭੱਟ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਣ ਗਾਉਂਦਾ ਹੋਇਆ ਕਹਿੰਦਾ ਹੈ -

*ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ॥*
*ਭਯ ਭੰਜਨ ਪਰ ਦੁਖ ਨਿਵਾਰੁ ਅਪਾਰੁ ਅਨੰਭਉ॥*
*ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ ਸੀਤਲੁ ਸੁਖ ਦਾਤਉ॥*
*ਆਸੰਭਉ ਉਦਵਿਅਉ ਪੁਰਖੁ ਪੂਰਨ ਬਿਧਾਤਉ॥*
*ਅੰਗ - ੧੪੦੭*

"ਵਾਹ! ਵਾਹ!! ਆਪ ਸ੍ਰੀ ਗੁਰੂ ਅਰਜਨ ਦੇਵ ਜੀ ਸੀਤਲ ਹਨ, ਸੁਖਾਂ ਦੇ ਦੇਣ ਵਾਲੇ ਹਨ, ਅਤੇ ਹੋਰ ਉਪਰੋਕਤ ਗੁਣਾਂ ਦੇ ਮਾਲਕ ਹਨ। ਸੋ ਉਪ੍ਰੋਕਤ ਗੁਰ ਪ੍ਰਮਾਣਾਂ ਨੂੰ ਦੁਨੀਆ ਦੇ ਸਾਹਮਣੇ ਅਮਲੀ ਰੂਪ ਵਿਚ ਪਰਗਟ ਕਰਨ ਦਾ ਮੌਕਾ ਗੁਰੂ ਨਾਨਕ ਦੇਵ ਜੀ ਦੇ ਪੰਜਵੇ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲਿਆ, ਅਤੇ ਆਪ ਨੇ ਚਟਾਨ ਦੀ ਤਰ੍ਹਾਂ ਦ੍ਰਿੜ੍ਹ ਰਹਿ ਕੇ ਦੁਨੀਆ ਨੂੰ ਦੱਸ ਦਿੱਤਾ ਕਿ ਜੋ ਕੁਝ ਗੁਰਬਾਣੀ ਵਿਚ ਲਿਖਿਆ ਹੈ ਉਹ ਅਟੱਲ ਸਚਾਈ ਹੈ। ਵਾਹਿਗੁਰੂ ਅਕਾਲ ਪੁਰਖ ਦੀ ਰਜ਼ਾ ਅੰਦਰ ਹੀ ਇਹ ਮੌਕਾ ਬਣਿਆ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਵਾਹਿਗੁਰੂ ਜੀ ਦੀ ਰਜ਼ਾ ਵਿਚ ਹੀ ਰਾਜ਼ੀ ਸਨ। ਜੇ ਸ੍ਰੀ ਗੁਰੂ ਅਰਜਨ ਦੇਵ ਜੀ ਮੰਡੀ ਦੇ ਰਾਜੇ ਦਾ ਚੰਡਾਲ ਦੇ ਘਰ ਵਿਚ ਜਨਮ ਲੈਣ ਦਾ ਸਮਾ ਸੁਪਨੇ ਵਿਚ ਹੀ ਭੁਗਤਾ ਸਕਦੇ ਸਨ ਤਾਂ ਕੀ, ਉਹ ਜੇ ਚਾਹੁੰਦੇ ਤਾਂ ਆਪਣੇ ਉੱਪਰ ਆਏ ਕਸ਼ਟਾਂ ਨੂੰ ਟਾਲ ਨਹੀਂ ਸਨ ਸਕਦੇ? ਨਿਰਸੰਦੇਹ ਉਹ ਅਜਿਹਾ ਕਰ ਸਕਣ ਦੀ ਸਮਰੱਥਾ ਰਖਦੇ ਸਨ ਪਰ ਉਹਨਾਂ ਅਜਿਹਾ ਕੀਤਾ ਨਹੀਂ ਅਤੇ ਪ੍ਰਭੂ ਦੇ ਵਰਤਾਏ 'ਭਾਣੇ' ਨੂੰ ਮਿੱਠਾ ਕਰ ਕੇ ਮੰਨਿਆ। ਉਹਨਾਂ ਅਕਾਲ ਪੁਰਖ ਅੱਗੇ ਅਜਿਹਾ ਦੁਖਦਾਈ ਸਮਾਂ ਟਾਲਣ ਲਈ ਮੰਗ ਨਹੀਂ ਮੰਗੀ। ਮੰਗ ਮੰਗੀ ਤਾਂ ਕੇਵਲ ਇਹੋ ਮੰਗੀ ਕਿ -

*ਤੇਰਾ ਕੀਆ ਮੀਠਾ ਲਾਗੈ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ ਅੰਗ - ੩੯੪*

ਇਸ ਦੇ ਅਜਿਹਾ ਭਾਣਾ ਵਰਤਣ ਲਈ ਜੋ ਕਾਰਨ ਬਣੇ ਉਹ ਇਉਂ ਹਨ-

ਜਹਾਂਗੀਰ - ਜਹਾਂਗੀਰ ਕੱਟੜ ਅਤੇ ਮੁਤਅੱਸਬ ਮੁਸਲਮਾਨ ਬਾਦਸ਼ਾਹ ਸੀ। ਉਹ ਚਾਹੁੰਦਾ ਸੀ ਕਿ ਸਿੱਖ ਧਰਮ ਦੇ ਵਧ ਰਹੇ ਪ੍ਰਚਾਰ ਨੂੰ ਕਿਸੇ ਨ ਕਿਸੇ ਤਰ੍ਹਾਂ ਬੰਦ ਕੀਤਾ ਜਾਵੇ। ਉਸ ਨੇ ਕੋਸ਼ਿਸ਼ ਕੀਤੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ਗ੍ਰੰਥ, (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਉਸਤਤੀ ਦੇ ਕੁਝ ਸ਼ਬਦ ਦਰਜ ਕਰਵਾਏ ਜਾਣ ਪਰ ਉਹ ਸਫਲ ਨਾ ਹੋ ਸਕਿਆ। ਗੁਰੂ ਜੀ ਨੇ ਅਜਿਹਾ ਕਰਨ ਤੋਂ ਸਾਫ ਇਨਕਾਰ ਕਰ ਦਿਤਾ। ਉਹ ਇਹ ਵੀ ਦੇਖ ਰਿਹਾ ਸੀ ਕਿ ਜਿਥੇ ਭਾਰੀ ਗਿਣਤੀ ਵਿਚ ਹਿੰਦੂ ਸਿੱਖ ਧਰਮ ਦੇ ਅਨੁਯਾਈ ਹੁੰਦੇ ਜਾ ਰਹੇ ਹਨ

ਉਥੇ ਮੁਸਲਮਾਨ ਵੀ ਗੁਰੂ ਘਰ ਦੇ ਸ਼ਰਧਾਲੂ ਬਣਦੇ ਜਾ ਰਹੇ ਹਨ। ਉਹ ਇਹ ਵੀ ਦੇਖ ਰਿਹਾ ਸੀ ਕਿ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪ੍ਰਚਾਰ ਦੇ ਕਈ ਕੇਂਦਰ, ਤੀਰਥਾਂ ਅਤੇ ਗੁਰ ਧਾਮਾਂ ਦੇ ਰੂਪ ਵਿਚ ਬਣਾਈ ਜਾ ਰਹੇ ਹਨ। ਇਸ ਲਈ ਉਹ ਸਿੱਖ ਧਰਮ ਦੀ ਉੱਨਤੀ ਵਿਚ ਦਿਨ-ਬਦਿਨ ਵਾਧਾ ਹੁੰਦਾ ਜਾ ਰਿਹਾ ਦੇਖ ਕੇ ਬੌਖਲਾ ਉਠਿਆ ਸੀ। ਉਹ ਸਮਝ ਚੁਕਿਆ ਸੀ ਕਿ ਸਿੱਖ ਧਰਮ ਦੀ ਲਹਿਰ ਇਸਲਾਮ ਦੇ ਪ੍ਰਚਾਰ ਅਤੇ ਪਾਸਾਰ ਲਈ ਭਾਰੀ ਰੁਕਾਵਟ ਦਾ ਕਾਰਨ ਹੈ। ਉਸ ਦਾ ਯਕੀਨ ਪੱਕਾ ਹੋ ਚੁਕਾ ਸੀ ਕਿ ਲੱਖਾਂ ਦੀ ਗਿਣਤੀ ਵਿਚ ਜੋ ਸ਼ਰਧਾਲੂ ਗੁਰੂ ਅਰਜਨ ਦੇਵ ਜੀ ਦੀ ਅਗਵਾਈ ਵਿਚ ਸਿਖ ਧਰਮ ਦੀ ਲੜੀ ਵਿਚ ਪਰੋਏ ਜਾ ਰਹੇ ਹਨ, ਇਹ ਕਿਸੇ ਵਕਤ ਜਥੇਬੰਦ ਹੋ ਕੇ ਹਕੂਮਤ ਲਈ ਖ਼ਤਰੇ ਦਾ ਕਾਰਨ ਬਣ ਸਕਦੇ ਹਨ। ਜਹਾਂਗੀਰ ਨੇ ਇਸ ਲਈ ਇਹ ਇਰਾਦਾ ਬਣਾ ਲਿਆ ਕਿ ਇਸ ਸਿਖ ਲਹਿਰ ਨੂੰ ਖ਼ਤਮ ਕੀਤਾ ਜਾਏ ਜਾਂ ਗੁਰੂ ਜੀ ਨੂੰ ਮੁਸਲਮਾਨ ਬਣਾ ਲਿਆ ਜਾਵੇ। ਉਹ ਆਪਣੀ ਲਿਖਤ 'ਤੁਜ਼ਕਿ ਜਹਾਂਗੀਰੀ' ਵਿਚ ਸਿਖੀ ਲਹਿਰ ਨੂੰ 'ਝੂਠ ਦੀ ਦੁਕਾਨ' ਕਹਿ ਕੇ ਉਪ੍ਰੋਕਤ ਇਰਾਦੇ ਦਾ ਆਪ ਹੀ ਪਰਗਟਾਅ ਕਰਦਾ ਹੈ। ਉਸ ਦਾ ਪੰਜਾਬੀ ਉਲਥਾ ਇਉਂ ਹੈ -

ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖ਼ਿਆਲ ਚਲਿਆ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਾਂ ਜਾਂ ਉਸ ਨੂੰ ਇਸਲਾਮੀ ਮਤ ਵਿਚ ਲੈ ਆਵਾਂ।

ਅੱਗੇ ਜਾ ਕੇ ਉਹ ਗੁਰੂ ਅਰਜਨ ਦੇਵ ਜੀ ਵਲੋਂ ਆਪਣੇ ਬਾਗ਼ੀ ਪੁਤਰ ਖ਼ੁਸਰੋ ਦੀ ਕੀਤੀ ਮਦਦ ਦਾ ਝੂਠਾ ਬਹਾਨਾ ਬਣਾ ਕੇ, ਇਸ ਬਾਰੇ ਜ਼ਿਕਰ ਕਰਦਾ ਹੋਇਆ ਆਪਣਾ ਫੈਸਲਾ ਲਿਖ ਦਿੰਦਾ ਹੈ ਕਿ -

ਮੈਂ ਹੁਕਮ ਦਿੱਤਾ ਕਿ ਉਸ (ਗੁਰੂ ਅਰਜਨ ਦੇਵ ਜੀ) ਨੂੰ ਹਾਜ਼ਰ ਕੀਤਾ ਜਾਵੇ। ਉਸ ਦੇ ਘਰ ਬਾਰ ਤੇ ਬੱਚਿਆਂ ਨੂੰ ਮੁਰਤਜ਼ਾ ਖ਼ਾਂ ਦੇ ਹਵਾਲੇ ਕੀਤਾ ਜਾਵੇ। ਉਸ ਦਾ ਮਾਲ ਅਸਬਾਬ ਜ਼ਬਤ ਕਰਕੇ, ਹੁਕਮ ਦਿਤਾ ਕਿ ਉਸ ਨੂੰ ਡਰਾਇਆ ਜਾਏ ਤੇ ਯਾਸਾ ਦੇ ਕਾਨੂੰਨ ਅਨੁਸਾਰ ਉਸ ਨੂੰ ਮਾਰਿਆ ਜਾਵੇ। (ਤੁਜ਼ਕਿ ਜਹਾਂਗੀਰੀ)

ਇਸ ਕਥਨ ਅਨੁਸਾਰ ਗੁਰੂ ਜੀ ਦੀ ਸ਼ਹੀਦੀ ਦੀ ਜ਼ਿਮੇਵਾਰੀ ਜਹਾਂਗੀਰ ਤੇ ਆਉਂਦੀ ਹੈ। ਜਹਾਂਗੀਰ ਮੁਰਤਜ਼ਾ ਖ਼ਾਂ ਨੂੰ ਹੁਕਮ ਦੇ ਕੇ ਆਪ ਕਸ਼ਮੀਰ ਚਲਾ ਗਿਆ। ਗੁਰੂ ਸਾਹਿਬ ਦੇ ਲਾਹੌਰ ਪੁੱਜਣ ਤੇ ਮੁਰਤਜ਼ਾ ਖ਼ਾਂ ਨੇ ਗੁਰੂ ਸਾਹਿਬ ਨੂੰ ਚੰਦੂ ਦੀ ਮੰਗ ਕਰਨ ਤੇ ਉਸ ਦੇ ਹਵਾਲੇ ਕਰ ਦਿੱਤਾ। ਚੰਦੂ, ਗੁਰੂ ਜੀ ਨੂੰ ਆਪਣੇ ਘਰ ਲੈ ਗਿਆ ਅਤੇ ਬਾਦਸ਼ਾਹ ਦੇ ਕੀਤੇ ਹੁਕਮ ਅਨੁਸਾਰ, ਯਾਸਾ ਕਾਨੂੰਨ ਦੀ ਵਿਧੀ ਦੇ ਅਧੀਨ ਆਪਣੀ ਰੜਕ ਕੱਢਣ ਲਈ ਉਸ ਨੇ ਗੁਰੂ ਸਾਹਿਬ ਨੂੰ ਰਜ ਰਜ ਕੇ ਦੁਖ-ਤਸੀਹੇ ਦਿਤੇ। ਪਹਿਲਾਂ ਉਬਲਦੀ ਦੇਗ ਵਿਚ ਬਿਠਾਇਆ ਗਿਆ, ਫਿਰ ਤੱਤੀ ਤਵੀ ਤੇ ਬਿਠਾ ਕੇ ਸੜਦੀ ਰੇਤ ਦੇ ਕੜਛੇ ਭਰ ਭਰ ਕੇ ਸੀਸ ਤੇ ਸਰੀਰ ਤੇ ਪਾਏ ਗਏ। ਇਸ ਨਾਲ ਸਾਰਾ ਸਰੀਰ ਝੁਲਸ ਗਿਆ ਤੇ ਛਾਲੇ ਛਾਲੇ ਹੋ ਗਿਆ। ਉਪਰੰਤ ਆਪ ਨੂੰ ਰਾਵੀ ਦੇ ਠੰਡੇ ਤੇ ਡੂੰਘੇ ਵਹਿਣ ਵਿਚ ਸੁਟ ਕੇ ਰੋੜ੍ਹ ਦਿਤਾ ਗਿਆ।

ਸਾਡੀਆਂ ਦੁਨਿਆਵੀ ਨਜ਼ਰਾਂ ਵਿਚ ਗੁਰੂ ਜੀ ਨੂੰ ਦਿੱਤੇ ਗਏ ਕਸ਼ਟ ਬੇਅੰਤ ਭਿਆਨਕ ਤੇ ਦਿਲ-ਕੰਬਾਊ ਹਨ। ਦੁਨੀਆ ਭਰ ਦੇ ਇਤਿਹਾਸ ਵਿਚ ਅਜਿਹੇ ਵਹਿਸ਼ੀਆਨਾ ਤਸੀਹੇ ਦਿਤੇ ਜਾਣੇ ਕਿਤੇ ਨਹੀਂ ਮਿਲਦੇ, ਪਰ ਪੰਚਮ ਪਾਤਸ਼ਾਹ ਜੀ ਨੇ ਇਹ ਸਭ ਕੁਝ ਸ਼ਾਂਤ-ਚਿੱਤ ਅਡੋਲ ਬਿਰਤ ਰਹਿ ਕੇ ਆਪਣੇ ਸਰੀਰ ਤੇ ਸਹਾਰਿਆ ਅਤੇ ਭਾਣਾ ਮੰਨਣ ਦਾ ਲਾ-ਮਿਸਾਲ ਮਿਆਰ ਕਾਇਮ ਕੀਤਾ। ਜੁਗਾਂ ਪ੍ਰਯੰਤ ਗੁਰੂ ਸਾਹਿਬ ਦੀ ਇਹ ਅਲੌਕਿਕ ਸ਼ਹੀਦੀ ਧਰਮ ਤੋਂ ਕੁਰਬਾਨ ਹੋਣ ਵਾਲਿਆਂ ਨੂੰ ਪ੍ਰੇਰਨ ਲਈ ਚਾਨਣ-ਮੁਨਾਰਾ ਬਣੀ ਰਹੇਗੀ ਅਤੇ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣ ਤੇ ਭਾਣਾ ਮਿੱਠਾ ਕਰ ਕੇ ਮੰਨਣ ਦੀ ਸਿੱਖਿਆ ਦਿੰਦੀ ਰਹੇਗੀ।

ਗੁਰੂ ਸਾਹਿਬ ਜੇ ਉਬਲਦੀ ਦੇਗ ਵਿਚ ਬੈਠੇ ਤਾਂ ਵੀ ਤਪਤ ਮਾਹਿ ਠਾਂਢ ਹੀ ਵਰਤਦੀ ਰਹੀ, ਜੇ ਅੱਗ ਵਾਂਗ ਭਖਦੀ ਲੋਹ ਤੇ ਬੈਠੇ ਤਾਂ ਵੀ ਅਡੋਲ ਚੌਂਕੜੇ ਵਿਚ ਮਗਨ ਰਹੇ, ਅਤੇ ਜੇ ਸੜਦੀ ਬਲਦੀ ਰੇਤ ਦੇ ਕੜਛੇ ਸੀਸ ਵਿਚ ਪੈਂਦੇ ਰਹੇ ਤਾਂ ਵੀ ਸ਼ਾਂਤ ਚਿੱਤ ਅਡੋਲ ਬਿਰਤੀ ਵਿਚ ਕੋਈ ਫ਼ਰਕ ਨਾ ਪਿਆ। ਲੋਕਾਈ ਦੀਆਂ ਨਜ਼ਰਾਂ ਵਿਚ ਭਾਵੇਂ ਇਹ ਦ੍ਰਿਸ਼ ਬੜੇ ਡਰਾਉਣੇ ਹਨ, ਪਰ ਬ੍ਰਹਮ-ਜੋਤੀ ਵਿਚ ਇਕ ਰੂਪ ਇਕ-ਮਿਕ ਹੋਈ ਬ੍ਰਹਮ-ਆਤਮਾ ਦਾ ਇਹ ਵਾਲ ਵੀ ਵਿੰਗਾ ਨਹੀਂ ਕਰ ਸਕਦੇ। ਇਹ ਸਾਡੇ ਮਲੀਨ ਹਿਰਦਿਆਂ ਦੇ ਹੀ ਕਾਂਬੇ ਸਾਨੂੰ ਕੰਬਾ ਰਹੇ ਹਨ।

ਭਾਈ ਸਾਹਿਬ ਰਣਧੀਰ ਸਿੰਘ ਜੀ ਇਨ੍ਹਾਂ ਚਿੱਤਰਾਂ ਦਾ ਸਿੱਟਾ ਇਹ ਕਢਦੇ ਹਨ -

ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਚਲਿਤ ਆਪਣੇ ਸਰੀਰ ਉਪਰ ਆਪ ਹੀ ਵਰਤਾਏ। ਉਨ੍ਹਾਂ ਦੀ ਉਸ਼ਨ-ਸੀਤ ਦੇਹੀ ਨੂੰ ਦੁਸ਼ਟ ਪਾਪੀਆਂ ਦੇ ਦਿੱਤੇ ਅਗਨ-ਦਾ,

ਤਸੀਹਿਆਂ ਦਾ ਦਾਗ ਵੀ ਨਹੀਂ ਲਗਿਆ ਸਗੋਂ ਦੁਸ਼ਟ-ਰਾਜ ਦੀ ਜੜ੍ਹ ਮੋਖ ਦਾਗੀ-ਦਾਹੀ ਗਈ। ਇਸ ਅਦੁੱਤੀ ਅਹੂਤੀ ਦਿੱਤੇ ਬਾਝੋਂ ਦੁਖਿਤ ਪਰਜਾ ਦੇ ਦਾਹ ਨਹੀਂ ਮਿੱਟ ਸਕਦੇ ਸਨ ਅਤੇ ਦੁਸ਼ਟ ਰਾਜ ਦੇ ਵਿਨਾਸ਼ ਕਾਲ ਦਾ ਬਾਨ੍ਹਣੂ ਨਹੀਂ ਬੱਝ ਸਕਦਾ ਸੀ। ਇਸ ਇਲਾਹੀ ਰਮਜ਼ ਨੂੰ ਆਮ ਇਨਸਾਨੀ ਅਕਲ ਤੇ ਦਿਮਾਗੀ ਫ਼ਿਲਾਸਫ਼ੀ ਕੀ ਸਮਝ ਸਕਦੀ ਹੈ? ਪ੍ਰਭੂ-ਪਠਾਏ ਧੁਰੋਂ ਆਏ ਧਰਮ-ਧੁਰੰਦਰੀ ਸਰਬੱਗ ਪੁਰਸ਼ਾਂ ਦੇ ਸ਼ਹੀਦੀ ਸਾਕੇ ਅਲਪੱਗ ਅਕਲਾਂ ਵਾਲੇ ਸੰਸਾਰੀ ਜੀਵ ਕੀ ਲਿਖ-ਲਿਖਾ ਸਕਦੇ ਹਨ?

ਗੁਰੂ ਅਰਜਨ ਦੇਵ ਜੀ ਪੰਚਮ ਪਾਤਸ਼ਾਹ ਨੇ ਮਹਾਂ ਤਪਸ਼ ਵਿੱਚ ਭੀ ਪ੍ਰਭੂ-ਸਿਮਰਨ ਵਿੱਚ ਰਹਿ ਕੇ ਠੰਢ ਹੀ ਪਰਤੀਤ ਕੀਤੀ। ਸੱਚਮੁੱਚ ਜੋ ਉਨ੍ਹਾਂ ਕਿਹਾ ਸੀ ਕਿ -

***ਤਪਤਿ ਮਾਹਿ ਠਾਢਿ ਵਰਤਾਈ॥***
***ਅਨਦੁ ਭਇਆ ਦੁਖ ਨਾਠੇ ਭਾਈ॥***

ਇਸ ਮਹਾਂ ਵਾਕ ਨੂੰ ਅਮਲੀ ਰੂਪ ਦੇ ਕੇ ਪੂਰਾ ਕਰ ਵਿਖਾਇਆ। ਧੰਨ ਗੁਰੂ ਅਰਜਨ ਦੇਵ ਜੀ -

***ਗੁਰ ਅਰਜਨ ਵਿਟਹੁ ਕੁਰਬਾਣੀ॥***

---

***(ਪੰਨਾ 11 ਦੀ ਬਾਕੀ)***

ਸੱਚੀ ਕਥਾ ਕਹਾਣੀ ਕਰਕੇ ਸਨਮਾਨਿਆ ਹੋਇਆ ਹੈ ਅਤੇ ਹੋਰ ਚੁੰਚ ਕਥਾਵਾਂ ਤੋਂ, ਕੱਚੀਆਂ ਕਹਾਣੀਆਂ ਤੋਂ ਮੂੰਹ ਮੋੜਿ ਚਿਤ ਬਿਰਤੀ ਨੂੰ ਹੋੜਿਆ ਹੋਇਆ ਹੈ, ਓਹੀ ਨਿਰੋਲ ਕਿਹਕੇਵਲ-ਫਰੰਮੀਆ ਹੈ। ਉਹ ਵਾਹਿਗੁਰੂ ਅਤੇ ਵਾਹਿਗੁਰੂ ਨਾਮ ਦੇ ਪ੍ਰੇਮ ਵਿਚਿ ਹੀ ਭਿਜੇ ਰਹਿਣ ਨੂੰ ਸੱਚੀ ਨਿਹਕਰਮ ਕਰਨੀ ਵਾਲੀ ਸੇਵਾ ਸਮਝਦਾ ਹੈ। ਜਿਸ ਦੇ ਭਾਣੇ, ਜਿਸ ਦੇ ਨਜ਼ਦੀਕ ਵਾਹਿਗੁਰੂ ਨਾਮ ਹੀ ਸਿਮ੍ਰਿਤ ਬੇਦੁ ਹੈ, ਵਾਹਿਗੁਰੂ ਨਾਮ ਹੀ ਸੱਚਾ ਸ਼ਾਸਤ੍ਰ ਪੂਰਣ ਹੈ, ਜੋ ਅਨਿੰਨ ਸਿਖ ਵਾਹਿਗੁਰੂ ਨਾਮ ਤੋਂ ਛੁਟ ਹੋਰ ਕਿਸੇ ਬੇਦ ਨੂੰ ਬੇਦ ਨਹੀਂ ਸਮਝਦਾ, ਹੋਰ ਕਿਸੇ ਸ਼ਾਸਤ ਨੂੰ ਸੱਚਾ ਸ਼ਾਸਤ ਕਰਕੇ ਨਹੀਂ ਹੋਰ ਕਿਸੇ ਸਿਮ੍ਰਤੀ ਨੂੰ ਸਦੀ ਸਿਮ੍ਰਾਂ ਕਰਕੇ ਨਹੀਂ ਬੁਝਦਾ, ਵਾਹਿਗੁਰੂ ਨਾਮ ਤੋਂ ਬਿਨਾਂ ਕਿਸੇ ਹੋਰ ਪੁਰਾਣ ਪੁਰਾਣ ਕਰਕੇ ਨਹੀਂ ਮੰਨਦਾ, ਜਾਣਦਾ ਵਾਹਿਗੁਰੂ ਨਾਮ ਰੂਪੀ ਸੱਚ ਕੁਰਾਨ ਤੋਂ ਬਿਨਾਂ ਕਿਸੇ ਹੋਰ ਨੂੰ ਕੁਰਾਨ ਕਰਕੇ ਨਹੀਂ ਮੰਨਦਾ, ਉਹ ਅਸਲ ਨਿਹਕੇਵਲ ਕਰਮ ਕਰੰਮੀ ਹੈ। ਵਾਹਿਗੁਰੂ ਨਾਮ ਨੂੰ ਹੀ ਜਿਸ ਨੇ ਬੰਧਪ ਕਰਕੇ ਜਾਣਿਆ ਹੋਇਆ ਹੈ, ਵਾਹਿਗੁਰੂ ਨਾਮ ਨੂੰ ਹੀ ਜਿਸ ਨੇ ਭਾਈ ਸਖ਼ਾ ਸਹਾਈ ਕਰਕੇ ਪਛਾਣਿਆ ਹੋਇਆ ਹੈ, ਵਾਹਿਗੁਰੂ ਨਾਮ ਤੋਂ ਬਿਨਾਂ ਹੋਰ ਕਿਸੇ ਸਾਕ ਰਿਸ਼ਤੇ ਨੂੰ ਨਹੀਂ ਸਿਆਣਦਾ, ਉਹੀ ਦਰ-ਹਕੀਕਤ ਸਚੜਾ ਨਿਹਕੇਵਲ-ਕਰੁੰਮੀਆ ਕਰਮਕਾਰੀ ਹੈ। ਵਾਹਿਗੁਰੂ ਨਾਮ ਦੀ ਹੀ ਅਕਾਂਖਿਆ ਜਿਸ ਨੂੰ ਬਣੀ ਰਹਿੰਦੀ ਹੈ, ਵਾਹਿਗੁਰੂ ਨਾਮ ਸਿਮਰਨ ਦੀ ਹੀ ਜਿਸ ਨੂੰ ਖਿਨ ਖਿਨ ਭੁੱਖ ਲਗੀ ਰਹਿੰਦੀ ਹੈ, ਵਾਹਿਗੁਰੂ ਨਾਮ ਤੋਂ ਛੁਟ ਜਿਸ ਦੀ ਹੋਰ ਕੋਈ ਅਕਾਂਖਿਆ ਨਹੀਂ, ਵਾਹਿਗੁਰੂ ਨਾਮ ਦੀ ਭੁੱਖ ਤੋਂ ਛੁਟ ਜਿਸ ਨੂੰ ਹੋਰ ਕੋਈ ਭੁੱਖ ਨਹੀਂ, ਉਹ ਨਿਹਕੇਵਲ ਪਦ ਵਾਲਾ ਸੱਚਾ ਨਿਹਕਰਮੀ ਸਚਿਆਰ ਸਿਖ ਹੈ। ਜਿਸ ਨੂੰ ਵਾਹਿਗੁਰੂ ਨਾਮ ਸਿਮਰਨ ਰੂਪੀ ਤ੍ਰਿਪਤੀ ਤੋਂ ਬਿਨਾਂ ਹੋਰ ਕਿਸੇ ਕਰਮ ਦੇ ਕਰਨ ਕਰਿ ਤ੍ਰਿਪਤੀ ਨਹੀਂ ਆਉਂਦੀ, ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਕਰਮ ਕਰਨ ਵਿਚ ਹੀ ਸੱਚੀ ਤ੍ਰਿਪਤੀ ਆਉਂਦੀ ਹੈ, ਓਹੀ ਸਚੜਾ ਨਾਮ ਤ੍ਰਿਪਤਾਸੀਆ ਨਿਹਕੇਵਲ ਕਰਮੀ ਸਿਖ ਸੂਰਮਾ ਹੈ। ਜਿਸ ਨੇ ਕੇਵਲ ਵਾਹਿਗੁਰੂ ਦੇ ਪਾਕ ਨਾਮ ਨੂੰ ਹੀ ਅੰਤ ਸਖਾਈ ਹੋਣ ਵਾਲਾ ਸੱਚਾ ਸਾਕ ਸਮਝਿਆ ਹੋਇਆ ਹੈ, ਉਹੀ ਜਨ ਨਿਹਕੇਵਲ ਕਰਮ ਕਰਨ ਦਾ ਸੱਚਾ ਸ਼ਰਧਾਲੂ ਹੈ। ਜੋ ਵਾਹਿਗੁਰੂ ਨਾਮ ਦਾ ਵਾਪਾਰੀ ਵਾਹਿਗੁਰੂ ਨਾਮ ਦੀ ਰਾਸ ਨੂੰ ਹੀ ਖੱਟਣ ਯੋਗ ਸੱਚੀ ਰਾਸ-ਪੂੰਜੀ ਪਰਖਦਾ ਹੈ ਅਤੇ ਵਾਹਿਗੁਰੂ ਨਾਮ ਦੀ ਸੱਚੀ ਰਾਸ ਪੂੰਜੀ ਬਿਨਾਂ ਹੋਰਸ ਰਾਸ ਪੂੰਜੀ ਨੂੰ ਕੂੜਾਵੀ ਰਾਸ ਸਮਝਦਾ ਹੈ, ਇਸ ਅਸਾਰ ਸੰਸਾਰ ਤੋਂ ਚਲਦਿਆਂ ਹੋਇਆਂ ਅੰਤ ਚਲਾਣੇ ਸਮੇਂ (ਕੂਚ ਨਗਾਰਾ ਬਜਣ ਦੇ ਸਮੇਂ) ਸੰਗ ਸਾਥ ਨਾ ਚਲਣ ਵਾਲੀ ਝੂਠੀ ਰਾਸ ਪੂੰਜੀ ਸਮਝਦਾ ਹੈ, ਉਹ ਸੱਚੇ ਅਰਥਾਂ ਵਿਚਿ ਨਿਹਕੇਵਲ ਕਰੰਮੀ ਪੁਰਸ਼ ਹੈ। ਜੋ ਜਨ ਕੇਵਲ ਵਾਹਿਗੁਰੂ ਨਾਮ-ਧਨ ਨੂੰ ਸਾਥ ਚੱਲਣ ਵਾਲਾ ਸੱਚਾ ਧਨ ਕਰਕੇ ਪਹਿਚਾਨਦਾ ਹੈ, ਉਹੀ, ਕੇਵਲ ਉਹੀ ਸੱਚੜਾ ਨਿਹਕੇਵਲ ਕਰਮ ਦਾ ਕਰਨ ਕਰਾਵਨਹਾਰਾ ਹੈ। ਜਿਸ ਦੇ ਨਿਕਟ ਹੋਰ ਝੂਠੇ ਕਰਮ ਕਮਾਵਣਹਾਰੇ, ਝੂਠੇ ਕੰਮਾਂ ਵਿਚ ਲਗਣਹਾਰੇ ਸਭਿ ਝੂਠੇ ਹਨ, ਉਹੀ ਸੱਚਾ ਸਚਿਆਰ ਨਿਹਕੇਵਲ ਕਰਮਾਂ ਦਾ ਕਰਮਾਚਾਰੀ ਹੈ। ਜੋ ਇਸ ਪ੍ਰਕਾਰ ਦਾ ਵਿਗਿਆਨੀ ਹੈ ਕਿ ਕਰਮਾਂ ਦੇ ਕਰਮ ਕਮਾਵਨੀ ਸਿਲਸਿਲੇ ਵਿਚਿ ਜੋ ਕੁਛ ਹੋ ਰਿਹਾ ਹੈ, ਉਸੇ ਵਿਚਿ ਵਾਹਿਗੁਰੂ ਦਾ ਸੱਦ-ਰਜ਼ਾਨੀ ਭਾਣਾ ਹੀ ਹੁੰਦਾ ਸਮਝਦਾ ਹੈ ਅਤੇ ਮਨ ਬਚ ਕਰਮ ਕਰਕੇ ਸਮਝਦਾ ਹੈ, ਉਹ ਸੱਚਾ ਨਿਹਕੇਵਲ ਪਦ ਤੇ ਨਿਹਕਰਮ ਪਦ ਤੇ ਪੁੱਜਿਆ ਹੋਇਆ ਹੈ।

# ਸ੍ਰੀ ਗੁਰੂ ਗ੍ਰੰਥ ਤੇ ਪੰਥ

*[ਭਾਈ ਸਾਹਿਬ ਜੋਗਿੰਦਰ ਸਿੰਘ ਜੀ]*

੧. ਸ੍ਰੀ ਗੁਰੂ ਗ੍ਰੰਥ ਸਾਹਿਬ

ਗੁਰੂ ਸ਼ਬਦ ਦਾ ਪ੍ਰਮਾਣੀਕ ਅਰਥ ਹੈ 'ਅੰਧੇਰੇ ਵਿਚ ਪ੍ਰਕਾਸ਼ ਕਰਨ ਵਾਲੀ ਸਤਿੱਆ'। ਅਧਿਆਤਮ ਮੰਡਲ ਵਿਚ ਮਨੁੱਖ ਨੂੰ 'ਅੰਨ੍ਹੇਰਾ' ਭਰਮ ਅਤੇ-ਅਗਿਆਨਤਾ ਦਾ ਹੈ, ਜਿਸ ਨੂੰ ਦੂਰ ਕਰਨ ਲਈ ਗੁਰੂ ਹੀ ਸਮਰੱਥ ਹੈ ਯਥਾ -

*ੳ) ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥*
*ਆਸਾ ਦੀ ਵਾਰ*

*ਅ) ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥*
*ਗੁਰ ਬਿਨੁ ਸੁਰਤਿ ਨ ਸਿਧਿ, ਗੁਰੂ ਬਿਨੁ ਮੁਕਤਿ ਨ ਪਾਵੈ॥ ਅੰਗ - ੧੩੯੯*

*ੲ) ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ॥ ਅੰਗ - ੬੧੫*

*ਸ) ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ॥ ਅੰਗ - ੩੮੫*

**੧. ਗੁਰੂਆਂ-ਗੁਰੂ ਅਕਾਲ ਪੁਰਖ ਵਾਹਿਗੁਰੂ ਆਪ ਹੈ।**

ਸਿਖ ਧਰਮ ਵਿਚ ਗੁਰੂ-ਪ੍ਰਣਾਲੀ ਦਾ ਅਰੰਭ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੋਇਆ ਤੇ ਹਜ਼ੂਰ ਨੂੰ ਗੁਰੂ ਪਦਵੀ ਪਾਰਬ੍ਰਹਮ ਪਰਮੇਸ਼ਰ ਜੀ ਤੋਂ ਮਿਲੀ, ਜਿਸ ਦੀ ਗਵਾਹੀ ਜਨਮਸਾਖੀ ਵਿਚੋਂ ਇਨ੍ਹਾਂ ਸ਼ਬਦਾਂ ਰਾਹੀਂ ਮਿਲਦੀ ਹੈ -

*ਮੇਰਾ ਨਾਉ ਪਾਰਬ੍ਰਹਮ ਪਰਮੇਸਰ*
*ਅਰ ਤੇਰਾ ਨਾਉ ਗੁਰ ਪਰਮੇਸ਼ਰ।*

ਗੁਰਬਾਣੀ ਵਿਚ ਭੱਟ ਇਸ ਨੂੰ ਇਉਂ ਬਿਆਨ ਕਰਦੇ ਹਨ -

*ਆਪਿ ਨਰਾਇਣੁ ਕਲਾ ਧਾਰਿ, ਜਗ ਮਹਿ ਪਰਵਰਿਯਉ॥*
*ਅੰਗ - ੧੩੯੫*

ਇਸ ਸੰਬੰਧ ਵਿਚ ਹਜ਼ੂਰ ਦਾ ਆਪਣਾ ਬਚਨ ਗੁਰਬਾਣੀ ਵਿਚ ਇਉਂ ਹੈ -

*ਅਪਰੰਪਰ ਪਾਰਬ੍ਰਹਮੁ ਪਰਮੇਸਰੁ,*
*ਨਾਨਕ ਗੁਰੁ ਮਿਲਿਆ ਸੋਈ ਜੀਉ॥ ਅੰਗ - ੫੯੯*

ਭਾਈ ਗੁਰਦਾਸ ਜੀ ਵੀ 'ਜਗਤ ਗੁਰੂ ਗੁਰ ਨਾਨਕ ਦੇਓ' ਦੀ ਸਾਖੀ ਭਰਦੇ ਹਨ।

ਗੁਰੂ ਅੰਤਰ-ਆਤਮੇ ਅਕਾਲ ਪੁਰਖ ਨਾਲ ਅਭੇਦ ਹੈ ਤੇ ਇਸ ਲਈ ਗੁਰਬਾਣੀ ਦਾ ਫੁਰਮਾਨ ਹੈ

*ੳ) ਨਾਨਕ ਸੋਧੇ ਸਿੰਮ੍ਰਿਤਿ ਬੇਦ॥*
*ਪਾਰਬ੍ਰਹਮ ਗੁਰ ਨਾਹੀ ਭੇਦ॥ ਅੰਗ - ੧੧੪੨*

*ਅ) ਰਾਮ, ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ॥*
*ਅੰਗ - ੧੬੯*

*ੲ) ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ,*
*ਜੋ ਅੰਮ੍ਰਿਤ ਬਚਨ ਸੁਣਾਵੈ॥ ਅੰਗ - ੧੨੬੪*

*ਸ) ਸਤਿਗੁਰੁ ਪਰਮੇਸਰੁ ਮੇਰਾ॥*
*ਅਨਿਕ ਰਾਜ ਭੋਗ ਰਸ ਮਾਣੀ,*
*ਨਾਉ ਜਪੀ ਭਰਵਾਸਾ ਤੇਰਾ॥ ਅੰਗ - ੮੮੪*

ਅਕਾਲ ਪੁਰਖ ਦੀ ਚਲਾਈ ਇਹ 'ਗੁਰ-ਪ੍ਰਣਾਲੀ' ਸਦੀਵੀ ਹੈ। 'ਗੁਰੂ' ਸਰਬ-ਕਾਲ ਅਬਿਨਾਸੀ ਹੈ। ਗੁਰਵਾਕ-

*ਸਤਿਗੁਰੁ ਮੇਰਾ ਸਦਾ ਸਦਾ, ਨਾ ਆਵੈ ਨ ਜਾਇ॥*
*ਓਹੁ ਅਬਿਨਾਸੀ ਪੁਰਖੁ ਹੈ, ਸਭ ਮਹਿ ਰਹਿਆ ਸਮਾਇ॥*
*ਅੰਗ - ੭੫੯*

ਸਿੱਧਾਂ ਦੇ ਸਵਾਲ ਦੇ ਉੱਤਰ ਵਿਚ 'ਗੁਰੂ' ਦੀ ਵਿਆਖਿਆ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ -

*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥*
*ਸਿਧ ਗੋਸਟਿ ਮਹਲਾ ੧*

'ਸ਼ਬਦ-ਗੁਰੂ' ਦੇ ਸਿਧਾਂਤ ਬਾਰੇ ਗੁਰਬਾਣੀ ਵਿਚੋਂ ਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚੋਂ ਬੇਅੰਤ ਉਦਾਹਰਣਾਂ ਮਿਲਦੀਆਂ ਹਨ -

*ੳ) ਸਬਦੁ ਗੁਰ ਪੀਰਾ ਗਹਿਰ ਗੰਭੀਰਾ,*
*ਬਿਨੁ ਸਬਦੈ ਜਗੁ ਬਉਰਾਨੰ॥*
*ਬਾਣੀ ਗੁਰੂ, ਗੁਰੂ ਹੈ ਬਾਣੀ,*
*ਵਿਚਿ ਬਾਣੀ ਅੰਮ੍ਰਿਤ ਸਾਰੇ॥ ਅੰਗ - ੯੮੨*

*ੲ) ਸਬਦੁ ਗੁਰੂ ਗੁਰ ਜਾਣੀਐ*
*ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ॥*
***ਭਾਈ ਗੁਰਦਾਸ ਜੀ***

*ੲ) ਗੁਰ ਮੂਰਤਿ ਗੁਰ ਸ਼ਬਦ ਹੈ,*
*ਸਾਧ ਸੰਗਤਿ ਵਿਚ ਪ੍ਰਗਟੀ ਆਇਆ॥*
***ਭਾਈ ਗੁਰਦਾਸ ਜੀ***

ਗੁਰੂ ਦੀ 'ਸਬਦਿ-ਜੋਤਿ' ਅਮਰ ਹੈ ਤੇ ਇਕ-ਰਸ ਹੈ। ਇਸ ਵਿਚ ਕੋਈ ਤਬਦੀਲੀ ਨਹੀਂ ਵਾਪਰਦੀ। ਇਸ ਸਿਧਾਂਤ ਨੂੰ ਦ੍ਰਿੜ੍ਹ ਕਰਾਉਣ ਲਈ ਹੀ ਗੁਰੂ ਪਾਤਸ਼ਾਹ ਨੇ ਦਸ ਜਾਮੇ ਬਦਲੇ, ਤਾਂ ਜੁ ਗੁਰਸਿੱਖਾਂ ਨੂੰ ਗੁਰੂ ਦੇ ਜੋਤਿ-ਰੂਪ ਹੋਣ ਦੀ ਦ੍ਰਿੜ੍ਹਤਾ ਆ ਸਕੇ ਅਤੇ ਗੁਰੂ ਦੇ ਸ਼ਰੀਰਕ ਜਾਮਿਆਂ ਬਾਰੇ ਠੀਕ ਤੇ ਯਥਾਰਥ ਗਿਆਨ ਹੋ ਸਕੇ ਕਿ ਭਾਵੇਂ ਗੁਰੂ ਦੇ ਸਰੀਰਕ ਜਾਮਿਆਂ ਦਵਾਰਾ 'ਗੁਰੂ-ਜੋਤਿ' ਦੇ ਕਈ ਕਲਾ-ਕ੍ਰਿਸ਼ਮਾਇਣੀ ਚੋਜ ਤੇ ਚਮਤਕਾਰ ਵਰਤੇ ਜਿਨ੍ਹਾਂ ਦੁਆਰਾ ਅਨੇਕਾਂ ਜੀਵ ਵਿਸਮਾਦਤ ਹੋਏ ਪਰ ਗੁਰੂ ਦੇ ਸਰੀਰਕ ਜਾਮੇ ਗੁਰੂ ਜੋਤਿ ਦੇ ਪ੍ਰਗਟਾਅ ਅਤੇ ਗੁਰੂ-ਜੁਗਤਿ (ਮਰਯਾਦਾ) ਵਰਤਾਉਣ ਦਾ ਮਾਧਿਅਮ ਹੀ ਸਨ। ਸਮੇਂ ਸਮੇਂ ਗੁਰੂ ਦੇ ਸਰੀਰਕ ਜਾਮਿਆਂ ਵਿਚ ਭਾਵੇਂ ਤਬਦੀਲੀ ਵਾਪਰਦੀ ਰਹੀ, ਪਰ 'ਗੁਰੂ-ਜੋਤਿ' ਅਤੇ 'ਗੁਰੂ-ਜੁਗਤਿ' (ਨਾਮ-ਅੰਮ੍ਰਿਤ ਸੰਚਾਰਣ ਦੀ ਜੁਗਤੀ) ਸਦਾ ਇਕਸਾਰ ਹੀ ਰਹੀ। ਗੁਰੂ ਕੇ ਢਾਢੀ ਭਾਈ ਸਤਾ ਤੇ ਬਲਵੰਡ ਆਪਣੀ ਵਾਰ ਵਿਚ ਇਸ ਗੱਲ ਦੀ ਗਵਾਹੀ ਭਰਦੇ ਹਨ-

***ਜੋਤਿ ਓਹਾ, ਜੁਗਤਿ ਸਾਇ***
***ਸਹਿ ਕਾਇਆ ਫੇਰਿ ਪਲਟੀਐ॥ ਅੰਗ - ੯੬੬***

ਗੁਰੂ-ਜੋਤਿ ਵਖ ਵਖ ਜਾਮਿਆਂ ਰਾਹੀਂ 'ਦੀਪਕ' ਤੇ ਦੀਪਕ ਪ੍ਰਗਸਿਆ ਵਾਲੀ ਕਲਾ ਵਰਤਾਉਂਦੀ ਚਲੀ ਆ ਰਹੀ ਸੀ। ਅਨਜਾਣ ਜਗਿਆਸੂਆਂ ਨੂੰ ਗੁਰੂ ਸ਼ਰੀਰਕ ਜਾਮਿਆਂ ਵਿਚ ਤਬਦੀਲੀ ਦੇ ਪੇਸ਼ੇ-ਨਜ਼ਰ ਕੁਝ ਟਪਲਾ ਲਗ ਰਿਹਾ ਸੀ। ਇਸ ਟਪਲੇ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੁਭਵ ਕੀਤਾ ਤੇ ਸਦਾ ਲਈ ਇਹ ਟਪਲਾ ਦੂਰ ਕਰਨ ਲਈ ਫੁਰਮਾਇਆ-

***ਭਿੰਨ ਭਿੰਨ ਸਬਹੂੰ ਕਰ ਜਾਨਾ॥***
***ਏਕ ਰੂਪ ਕਿਨਹੂੰ ਪਹਿਚਾਨਾ॥***
***ਜਿਨ ਜਾਨਾ ਤਿਨਹੀ ਸਿਧਿ ਪਾਈ॥***
***ਬਿਨ ਸਮਝੇ ਸਿਧਿ ਹਾਥਿ ਨ ਆਈ॥***

***(ਬਚਿਤ੍ਰ ਨਾਟਕ)***

ਦਸ ਜਾਮੇ ਬਦਲਣ ਉਪਰੰਤ-ਦਸਮ-ਗੁਰੂ ਨਾਨਕ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ 'ਗੁਰੂ-ਜੋਤਿ' ਨੂੰ ਪ੍ਰਥਮ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਲੂਲ ਕਰ ਦਿਤਾ ਅਤੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ-ਗੱਦੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਖ਼ਸ਼ੀ, ਜਿਸ ਦੀ ਗਵਾਹੀ ਸਿਖ ਇਤਿਹਾਸਕਾਰਾਂ ਤੋਂ ਛੁੱਟ ਅਨਮਤਾਂ ਦੇ ਇਤਿਹਾਸਕਾਰ ਵੀ ਕਰਦੇ ਹਨ।

ਇਸ ਤਰ੍ਹਾਂ 'ਗੁਰੂ-ਪ੍ਰਣਾਲੀ' ਵਿਚ, ਗੁਰ-ਸ਼ਬਦ ਦੇ ਭੰਡਾਰ, ਬਾਣੀ ਦੇ ਬੋਹਿਥਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜੁਗੋ ਜੁਗ ਅਟੱਲ ਸੱਚੇ ਗੁਰਦੇਵ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਸੱਚੇ ਗੁਰਦੇਵ, ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਦੇ ਹੁੰਦਿਆ ਅਜ ਏਨੇ ਅਖੌਤੀ ਤੇ ਡਿੰਭੀ ਗੁਰੂ ਕਿਉਂ ਪੈਦਾ ਹੋ ਗਏ ਹਨ। ਇਸ ਦਾ ਕਾਰਨ ਇਹੀ ਜਾਪਦਾ ਹੈ ਕਿ ਅਸੀਂ ਗੁਰੂ ਪਾਤਸ਼ਾਹ ਦੇ ਨਾਮ ਲੇਵਾ ਅਨਗਹਿਲੀ ਤੇ ਖ਼ੁਦਗਰਜ਼ੀ ਦੀ ਨੀਂਦਰੇ ਸੌਂ ਗਏ ਹਾਂ। ਸੰਸਾਰ ਦੇ ਮੱਨੁਖਾਂ ਦੀ ਵੱਡੀ ਗਿਣਤੀ ਮਾਦੀ ਸੁਖਾਂ ਦੇ ਛਿਨ-ਭੰਗਰੀ ਸੁਆਦ ਦੀ ਅਸਲੀਅਤ ਤੋਂ ਜਾਣੂ ਹੋ ਕੇ ਇਸ ਸਿਧਾਂਤ ਤੇ ਕਾਇਲ ਹੋ ਗਈ ਹੈ ਕਿ ਸਦੀਵੀ ਸੁਖ ਤੇ ਸ਼ਾਂਤੀ ਪ੍ਰਾਪਤ ਕਰਨ ਲਈ 'ਗੁਰੂ' ਦੀ ਅਵਸ਼ ਲੋੜ ਹੈ। ਸੰਸਾਰ ਇਸ ਮੰਤਵ ਦੀ ਪੂਰਤੀ ਲਈ ਗੁਰੂ ਦੀ ਭਾਲ ਵਿਚ ਹੈ, ਪਰ ਅਸੀਂ, ਜਿਨ੍ਹਾਂ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ, ਜੁਗੋ ਜੁਗ ਅਟਲ ਸਚੇ ਗੁਰਦੇਵ ਵਿਰਸੇ ਵਿਚ ਪ੍ਰਾਪਤ ਹੋਏ ਹਨ, ਉਹ ਸ੍ਰੀ ਗੁਰੂ ਗ੍ਰੰਥ ਦੇ ਚਰਨ ਦੀ ਤੁਫ਼ੈਲ ਮਾਣ ਤਾਣ ਤੇ ਐਸ਼ਵਰਜ ਸਭ ਕੁਝ ਪ੍ਰਾਪਤ ਕਰੀ ਬੈਠੇ ਹਾਂ, ਪਰ ਇਸ ਦੇ ਬਾਵਜੂਦ ਹਜ਼ੂਰ ਦੇ ਗੁਰੂ ਪੱਖ ਸਬੰਧੀ ਦ੍ਰਿੜ੍ਹਤਾ ਤੋਂ ਵਿਰਵੇ ਹੀ ਹਾਂ। ਖਿਮਾ ਕਰਨਾ, ਅਸੀਂ ਟਪਲੇ ਵਿਚ ਪਰਵਿਰਤ ਜਾਪਦੇ ਹਾਂ ਕਿ ਕੀ ਗ੍ਰੰਥ ਵਾਕਿਆ ਹੀ ਗੁਰੂ ਹੋ ਸਕਦਾ ਹੈ। ਜੇ ਟਪਲੇ ਵਿਚ ਨਹੀਂ ਤਾਂ ਅਸੀਂ ਇਹ ਦੇਖ ਕੇ ਕਿਵੇਂ ਸਹਾਰ ਰਹੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ੁਧ ਅਸ਼ੁਧ ਰੂਪ ਵਿਚ ਛਾਪ ਕੇ ਬੇਅਦਬ ਢੰਗ ਨਾਲ ਬਜ਼ਾਰਾਂ ਵਿਚ ਵੇਚਿਆ ਜਾ ਰਿਹਾ ਹੈ।

ਖ਼ਾਲਸਾ ਜੀ, ਜਦੋਂ ਸਾਨੂੰ ਅਖੌਤੀ ਨਾਮ-ਲੇਵਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਗੁਰੂ ਪੱਖ' ਦ੍ਰਿੜ੍ਹ ਹੋ

ਗਿਆ, ਯਕੀਨ ਜਾਣੋ, ਸਾਡਾ ਆਪਾ ਜਗਮਗਾ ਉਠੇਗਾ ਤੇ ਸੰਸਾਰ ਵਿਚੋਂ ਭਰਮ ਅੰਨ੍ਹੇਰੇ ਦੀ ਸਫ਼ਾ ਵਲ੍ਹੇਟੀ ਜਾਵੇਗੀ। ਫਿਰ ਸੰਸਾਰ, ਜੋ ਅੱਖਾਂ ਟੱਡ ਟੱਡ ਕੇ ਗੁਰੂ ਕੀ ਭਾਲ ਵਿਚ ਵਿਚਰ ਰਿਹਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚਰਨੀਂ ਆ ਲਗੇਗਾ ਤੇ ਅਖੌਤੀ ਗੁਰੂ ਸਾਰੇ ਹੀ ਟਿੰਡ ਫੌੜੀ ਵਲ੍ਹੇਟ ਕੇ ਪਤਰਾ ਵਾਚ ਜਾਣਗੇ। ਸੋ ਲੋੜ ਹੈ ਸਾਡੀ ਗੁਰੂ ਨਾਲ ਇਕ-ਸੁਰ ਹੋਣ ਦੀ।

## ੨. ਗੁਰੂ ਪੰਥ

ਚੂੰਕਿ 'ਇਕ-ਪੁਰਖਾ' ਗੁਰੂ ਦੀ ਪ੍ਰਥਾ ਸਮਾਪਤ ਕਰ ਦਿਤੀ ਗਈ ਅਤੇ ਗੁਰਤਾ ਦਾ ਟਿੱਕਾ ਸ਼ਬਦ-ਬ੍ਰਹਮ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿੱਤਾ ਗਿਆ, ਗੁਰੂ-ਸ਼ਬਦ ਦੇ ਪਸਾਰ ਲਈ, ਰਹਿਤਵਾਨ, ਤਿਆਰ-ਬਰ-ਤਿਆਰ, ਗੁਰੂ-ਜੋਤਿ ਨਾਲ ਇਕ-ਸੁਰ ਹੋਏ ਪੰਜ ਪਿਆਰਿਆਂ ਅਤੇ ਅਜਿਹੇ ਪੰਜਾਂ ਦੇ ਪੁੰਜ, ਸਰਬੱਤ ਖਾਲਸਾ ਜੀ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ (ਬਾਣੀ ਗੁਰੂ ਵਿਚ ਨਿਰੂਪਣ ਕੀਤੇ ਸਿਧਾਂਤਾ ਦੀ ਰੌਸ਼ਨੀ ਵਿਚ) ਜੁਗਤਿ ਵਰਤਾਉਣ ਦਾ ਅਧਿਕਾਰ ਦਿੱਤਾ ਗਿਆ। ਪ੍ਰਥਮ ਕਾਲ ਵਿਚ ਜਿਵੇਂ ਗੁਰੂ-ਜੋਤਿ, ਗੁਰੂ ਦੇ ਸਰੀਰਕ ਜਾਮਿਆਂ ਦੁਆਰਾ ਪ੍ਰਤੀਬਿੰਬਤ ਹੁੰਦੀ ਰਹੀ, ਹੁਣ ਉਹ 'ਗੁਰੂ-ਜੋਤਿ' ਉਸੇ ਤਰ੍ਹਾਂ ਹੀ ਪੰਥ ਰਾਹੀਂ ਪ੍ਰਕਾਸ਼ਦੀ ਹੈ ਤੇ ਏਵੇਂ ਹੀ ਸਦੀਵਕਾਲ ਪ੍ਰਕਾਸ਼ਦੀ ਰਹੇਗੀ।

'ਗੁਰੂ-ਜਾਮੇ' ਬਦਲਦੇ ਰਹੇ, ਪਰ 'ਗੁਰੂ -ਜੋਤਿ' ਤੇ ਗੁਰੂ-ਜੁਗਤਿ' (ਨਾਮ-ਅੰਮ੍ਰਿਤ ਸਿੰਚਾਰਣ ਦੀ ਜੁਗਤੀ) ਇਕਸਾਰ ਰਹੀ। ਏਵੇਂ ਹੀ ਪੰਥ ਦੇ ਵਖ ਵਖ ਵਿਅੱਕਤੀਆਂ ਵਿਚ ਭਾਵੇਂ ਤਬਦੀਲੀ ਆਉਂਦੀ ਰਹੇਗੀ, ਪਰ 'ਗੁਰੂ-ਸ਼ਬਦ' ਤੇ 'ਗੁਰੂ-ਜੁਗਤਿ' ਅਟੱਲ ਰਹਿਣਗੇ।

## ੩. ਪੰਥ ਕੀ ਹੈ

ਪੰਥ ਨਾਂ ਹੈ ਰਸਤੇ ਦਾ। ਗੁਰਬਾਣੀ ਦੁਆਰਾ ਜੋ ਜੀਵਨ ਦਾ ਰਾਹ ਉਲੀਕਿਆ ਗਿਆ ਹੈ ਉਸਦੇ ਧਾਰਨੀਆਂ ਦੇ ਸਮੂਹ ਨੂੰ ਸਿਖ ਧਰਮ ਦੀ ਪਰਿਭਾਸ਼ਾ ਵਿਚ 'ਪੰਥ' ਕਿਹਾ ਜਾਂਦਾ ਹੈ। ਗੁਰਮਤਿ ਅਨੁਸਾਰ 'ਪਰਮਾਰਥ ਜੀਵਨ' ਦਾ ਮੁਢਲਾ ਅਸੂਲ ਹੈ ਗੁਰੂ ਧਾਰਨ ਕਰਨਾ, ਤੇ ਫਿਰ ਗੁਰੂ ਦੇ ਦਸੇ ਹੋਇ ਰਾਹ ਤੇ ਤੁਰਨਾ। ਯਥਾ -

*ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ॥*
*ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ॥*
*ਅੰਗ - ੫੫੪*

ਜਿੰਨੀ ਦੇਰ ਤਕ ਕੋਈ ਗੁਰੂ ਧਾਰਨ ਕਰਨ ਦੇ ਮੁਢਲੇ ਬੁਨਿਆਦੀ ਅਸੂਲ ਦਾ ਧਾਰਨੀ ਨਹੀਂ ਹੁੰਦਾ ਉਨੀ ਦੇਰ ਤਕ ਉਸ ਤੋਂ ਉਹ ਆਸ ਰਖਣੀ ਕਿ ਉਹ ਗੁਰੂ ਦੇ ਦਸੇ ਉਪਦੇਸ਼ਾਂ ਨੂੰ ਜੀਵਨ ਪ੍ਰਯੰਤ ਨਿਭਾਉਣ ਲਈ ਤਤਪਰ ਰਹੇਗਾ, ਨਿਰਮੂਲ ਹੈ। ਨਿਸਚਿਤ ਮਰਯਾਦਾ ਅਨੁਸਾਰ ਗੁਰੂ ਧਾਰਨ ਕੀਤੇ ਬਗ਼ੈਰ, ਮਨੁੱਖ ਨੂੰ ਗੁਰਬਾਣੀ ਵਿਚ ਨਿਗੁਰਾ ਕਿਹਾ ਗਿਆ ਹੈ ਅਤੇ ਇਹ ਵੀ ਫ਼ਤਵਾ ਦਿਤਾ ਗਿਆ ਹੈ ਕਿ ਨਿਗੁਰੇ ਦਾ ਨਾ ਹੀ ਮਨਹੂਸ ਹੈ। ਯਥਾ ਗੁਰਵਾਕ-

*ੳ) ਝਝੈ ਕਦੇ ਨ ਝੂਰਹਿ ਮੂੜੇ,*
*ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ॥*
*ਸਤਿਗੁਰ ਬਾਝਹੁ ਗੁਰੁ ਨਹੀ ਕੋਈ,*
*ਨਿਗੁਰੇ ਕਾ ਹੈ ਨਾਉ ਬੁਰਾ॥ ਅੰਗ - ੪੩੫*

*ਅ) ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ,*
*ਧ੍ਰਿਗੰਤ ਜਨਮ ਭ੍ਰਸਟਣਹ।*
*ਕੂਕਰਹ ਸੂਕਰਹ ਗਰਧਭਹ ਕਾਕਹ*
*ਸਰਪਨਹ ਤੁਲਿ ਖਲਹ॥ ਅੰਗ - ੧੩੫੫*

ਸਿਖ ਧਰਮ ਦੀ ਮਰਯਾਦਾ ਅਨੁਸਾਰ ਗੁਰੂ ਧਾਰਨ ਲਈ, ਗੁਰੂ ਤੋਂ ਪਾਹੁਲ ਲੈਣੀ ਜ਼ਰੂਰੀ ਹੈ। ਗੁਰਬਾਣੀ ਦਾ ਫ਼ੁਰਮਾਨ ਹੈ -

*ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ*
*ਸੋ ਅੰਮ੍ਰਿਤੁ ਗੁਰ ਪਾਹੀ ਜੀਉ॥*
*ਛੋਡਹੁ ਵੇਸੁ ਭੇਖ ਚਤੁਰਾਈ*
*ਦੁਬਿਧਾ ਇਹੁ ਫਲੁ ਨਾਹੀ ਜੀਉ॥*

ਰਹਿਤਨਾਮੇ ਦਾ ਵੀ ਫ਼ੁਰਮਾਨ ਹੈ -

*ਧਰੇ ਕੇਸ ਪਾਹੁਲ ਬਿਨਾ, ਭੇਖੀ ਮੂਰਖ॥*

ਪਰਚਲਤ ਮਰਯਾਦਾ ਅਨੁਸਾਰ ਪਾਹੁਲ ਦੀ ਪ੍ਰਾਪਤੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪੰਜ ਪਿਆਰਿਆਂ ਦੀ ਰਾਹੀਂ ਹੁੰਦੀ ਹੈ ਅਤੇ ਨਾਮ ਗੁਰਮੰਤਰ ਦੀ ਪ੍ਰਾਪਤੀ ਕੀਤੇ ਮਗਰੋਂ ਹੀ ਕੋਈ ਗੁਰੂ ਵਾਲਾ ਅਖਵਾ ਸਕਦਾ ਹੈ। ਅੱਜ ਕਲ੍ਹ ਦੇ ਢੁੱਚਰ-ਪੰਥੀਏ ਮਨੁੱਖ ਇਹ ਆਖਦੇ ਹਨ ਕਿ ਅੰਮ੍ਰਿਤ ਛਕਣ ਦੀ ਕੀ ਲੋੜ ਹੈ, ਅਮਲ ਚੰਗੇ ਹੋਣੇ ਚਾਹੀਦੇ ਹਨ। ਚੰਗੇ ਕਰਮਾਂ ਦਾ ਨਿਰਣਾ ਵੀ ਅਜਿਹੇ ਮਨੁੱਖਾਂ ਦਾ ਆਪਣਾ ਹੀ ਹੁੰਦਾ ਹੈ, ਅਤੇ ਉਹਨਾਂ ਦਾ ਹਰੇਕ ਨਿਜੀ ਅਨੁਮਾਨਿਆ ਹੋਇਆ ਚੰਗਾ ਕਰਮ ਹਉਮੈ ਤੇ ਨਿਜ-ਸਵਾਰਥ ਦੇ ਗਿਰਦ ਹੀ ਭੌਂਦਾ ਹੈ। ਉਹ ਪੁੰਨ, ਦਾਨ, ਸੰਜਮ ਤੇ ਲੋਕ-ਸੇਵਾ ਆਦਿ ਅਨੇਕ ਕਰਮ ਕਰਦੇ ਹਨ, ਪਰ ਹਉ-ਗ੍ਰਸੀ ਬਿਰਤੀ ਵਿਚ ਹੀ ਵਿਚਰਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਜੀਵਨ ਦਾ ਸੰਵਰਦਾ ਕੁਝ ਵੀ ਨਹੀਂ, ਸਗੋਂ

ਅਜਾਈਂ ਹੀ ਹਉਮੈ ਵਿਚ ਆਫਰੇ ਫਿਰਦੇ ਹਨ ਅਤੇ ਮਕੜੀ ਵਾਂਗ ਆਪਣੇ ਗਿਰਦ ਆਪ ਹੀ ਜਾਲਾ ਤਣ ਕੇ ਵਿਚ ਕੈਦ ਹੋ ਜਾਂਦੇ ਹਨ। ਮਿਸਾਲ ਵਜੋਂ ਜੇ ਕੋਈ ਮਨੁੱਖ ਮਿਠ-ਬੋਲੜਾ ਵੀ ਹੈ, ਸਮਾਜ -ਸੇਵਾ ਵੀ ਕਰਦਾ ਹੈ, ਪੁੰਨ ਦਾਨ ਵੀ ਕਰਦਾ ਹੈ, ਪਰ ਕੁਚੇਸਟਾ ਤੇ ਕੁਰੱਸਾਂ ਵਿਚ ਉਲਝਿਆ ਹੋਇਆ ਹੈ ਜਾਂ ਬਦਚਲਨ ਹੈ ਤਾਂ ਉਸ ਨੂੰ ਸਰੇਸ਼ਟ ਪੁਰਸ਼ ਕਿਵੇਂ ਕਿਹਾ ਜਾ ਸਕਦਾ ਹੈ? ਮਨ ਦੀ ਮਤਿ ਪਿਛੇ ਤੁਰਨ ਵਾਲੇ ਆਪ-ਹੁਦਰੇ ਮਨਮੁਖਾਂ ਨੂੰ ਗੁਰਬਾਣੀ ਵਿਚ ਦੁਹਾਗਣਿ ਇਸਤਰੀ ਨਾਲ ਤੁਲਨਾ ਦਿੱਤੀ ਗਈ ਹੈ -

*ਸੂਹੈ ਵੇਸਿ ਕਾਮਣਿ ਕੁਲਖਣੀ*
*ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ॥*
*ਓਸੁ ਸੀਲੁ ਨ ਸੰਜਮੁ, ਸਦਾ ਝੂਠੁ ਬੋਲੈ*
*ਮਨਮੁਖਿ ਕਰਮ ਖੁਆਰੁ॥*
*ਜਿਸੁ ਪੂਰਬਿ ਹੋਵੈ ਲਿਖਿਆ*
*ਤਿਸੁ ਸਤਿਗੁਰੁ ਮਿਲੈ ਭਤਾਰੁ॥*
*ਸੂਹਾ ਵੇਸੁ ਸਭੁ ਉਤਾਰਿ ਧਰੇ*
*ਗਲਿ ਪਹਿਰੈ ਖਿਮਾ ਸੀਗਾਰੁ॥*
*(ਸਲੋਕ ਮ: ੩, ਵਾਰ ਸੂਹੀ)*

ਸਤਿਗੁਰੂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਪਿਛੋਂ ਹੀ ਬੁਧਿ ਬਦਲਦੀ ਹੈ ਤੇ ਮਾੜੀ ਬੁਧਿ ਪਲਟਣ ਨਾਲ ਹੀ ਚੰਗੇ ਮਾੜੇ ਦੀ ਸੋਝੀ ਆਉਂਦੀ ਹੈ। ਗੁਰਵਾਕ -

*ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ।*
*ਗੁਰੂ ਦੁਆਰੈ ਹੋਇ ਸੋਝੀ ਪਾਇਸੀ॥*
*ਏਤੁ ਦੁਆਰੈ ਧੋਇ ਹਛਾ ਹੋਇਸੀ।*
*ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ॥*
*ਅੰਗ - ੭੩੦*

'ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ' ਦੀ ਨਵੀਂ ਘਾੜਤ ਗੁਰੂ ਤੋਂ ਅੰਮ੍ਰਿਤ-ਦਾਤ ਪ੍ਰਾਪਤ ਕਰਨ ਪਿਛੋਂ ਹੀ ਘੜੀ ਜਾਣੀ ਹੈ।

ਮਨੋ-ਕਲਪਤ ਤੇ ਅਖੌਤੀ ਚੰਗੇ ਕਰਮਾਂ ਦੇ ਮੁਦਈ ਮਨੁੱਖ ਦੇ, ਜਿਹੜਾ ਗੁਰੂ ਧਾਰਨ ਤੋਂ ਸੰਕੋਚ ਕਰਦਾ ਹੈ ਜਾਂ ਇਸ ਸਿਧਾਂਤ ਦਾ ਕਾਇਲ ਨਹੀਂ, ਸਭ ਕਰਮ ਮਨਮੁਖੀ ਕਰਮ ਹਨ ਤੇ ਨਿਸਫਲ ਹਨ। ਗੁਰਬਾਣੀ ਦਾ ਫ਼ੁਰਮਾਨ ਹੈ-

*ੳ) ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ*
*ਵਿਣੁ ਸਤਿਗੁਰੁ ਭਗਤਿ ਨ ਹੋਈ ਰਾਮ॥*
*ਹਉਮੈ ਮਾਇਆ ਰੋਗਿ ਵਿਆਪੇ,*
*ਮਰਿ ਜਨਮਹਿ ਦੁਖੁ ਹੋਈ ਰਾਮ॥ ਅੰਗ - ੭੬੯*

*ਅ) ਜਗਿ ਹਉਮੈ ਮੈਲੁ ਦੁਖੁ ਪਾਇਆ,*
*ਮਲੁ ਲਾਗੀ ਦੂਜੈ ਭਾਇ॥*
*ਮਲੁ ਹਉਮੈ ਧੋਤੀ ਕਿਵੈ ਨ ਉਤਰੈ,*
*ਜੇ ਸਉ ਤੀਰਥ ਨਾਇ॥*
*ਬਹੁ ਬਿਧਿ ਕਰਮ ਕਮਾਵਦੇ,*
*ਦੂਣੀ ਮਲੁ ਲਾਗੀ ਆਇ॥*
*ਪੜਿਐ ਮੈਲੁ ਨ ਉਤਰੈ,*
*ਪੂਛਹੁ ਗਿਆਨੀਆ ਜਾਇ॥੧॥*
*ਮਨ ਮੇਰੇ ਗੁਰ ਸਰਣਿ ਆਵੈ,*
*ਤਾ ਨਿਰਮਲੁ ਹੋਇ॥*
*ਮਨਮੁਖ ਹਰਿ ਹਰਿ ਕਰਿ ਥਕੇ,*
*ਮੈਲੁ ਨ ਸਕੀ ਧੋਇ॥੧॥ਰਹਾਉ॥ ਅੰਗ - ੩੯*

*ੲ) ਕਰਮੀ ਸਹਜੁ ਨ ਊਪਜੈ,*
*ਵਿਣੁ ਸਹਜੈ ਸਹਸਾ ਨ ਜਾਇ॥*
*ਨਹ ਜਾਇ ਸਹਸਾ ਕਿਤੈ ਸੰਜਮਿ*
*ਰਹੇ ਕਰਮ ਕਮਾਏ॥*
*ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ,*
*ਇਹੁ ਸਹਸਾ ਇਵ ਜਾਇ॥੧੮॥*
*(ਅਨੰਦ ਸਾਹਿਬ, ਪੰਨਾ ੯੧੯)*

*ਬਾਝੁ ਗੁਰੂ ਗੁਬਾਰਾ॥*
*ਮਿਲਿ ਸਤਿਗੁਰ ਨਿਸਤਾਰਾ॥੨॥*
*ਹਉ ਹਉ ਕਰਮ ਕਮਾਣੇ॥*
*ਤੇ ਤੇ ਬੰਧ ਗਲਾਣੇ॥*
*ਮੇਰੀ ਮੇਰੀ ਧਾਰੀ॥*
*ਓਹਾ ਪੈਰਿ ਲੋਹਾਰੀ॥*
*ਸੋ ਗੁਰ ਮਿਲਿ ਏਕੁ ਪਛਾਣੈ॥*
*ਜਿਸੁ ਹੋਵੈ ਭਾਗੁ ਮਥਾਣੈ॥੩॥ ਅੰਗ - ੧੦੦੪*

ਸੰਸਾਰ ਵਿਚ ਕਾਮਾਦਿਕ ਵਿਕਾਰਾਂ ਦੇ ਹੱਲਿਆਂ ਤੋਂ ਬਚਣ ਲਈ ਇਕੋ, ਤੇ ਕੇਵਲ ਇਕੋ ਇਕ ਰਾਹ ਹੈ ਗੁਰੂ ਦੀ ਸ਼ਰਨ ਵਿਚ ਆਉਣਾ, ਨਾਮ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨਾ ਅਤੇ ਨਾਮ ਅਭਿਆਸ ਦੀ ਬਰਕਤ ਦੁਆਰਾ ਨਿਰਮਲ ਕਰਮ ਕਰ ਕੇ ਸੁਰਖ਼ਰੂਈ ਨਾਲ ਜੀਵਨ ਬਤੀਤ ਕਰਨਾ। ਗੁਰੂ ਦਾ ਆਸਰਾ ਤਕਣ ਨਾਲ, ਗੁਰੂ ਦੀ ਓਟ ਲੈਣ ਦਾ ਸਦਕਾ 'ਅਕਹੁ ਪਰਮਲ' ਤੇ 'ਕਾਗਹੁ ਹੰਸ' ਹੋਣ ਦੀ ਪਾਰਸ ਕਲਾ ਵਰਤਦੀ ਹੈ, ਜਿਸ ਬਾਰੇ ਗੁਰਬਾਣੀ ਵਿਚ ਸੰਕੇਤ ਇਉਂ ਹੈ -

*ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥*
*ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ॥*
*ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ॥*
*ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥*
*ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ*
*ਦੁਖ ਦਰਿਦ੍ਰ ਤਿਨ ਕੇ ਗਇਅ॥*

*ਸਤਿਗੁਰੂ ਚਰਨ ਜਿਨ੍ ਪਰਸਿਆ*
*ਸੇ ਪਸੁ ਪਰੇਤ ਸੁਰਿ ਨਰ ਭਇਆ॥ ਅੰਗ - ੧੩੯੯*

ਉਪਰੋਕਤ ਵਿਚਾਰ ਦਾ ਸਿੱਟਾ ਇਹ ਹੈ -

ੳ) ਗੁਰੂ ਧਾਰਨ ਕਰਨਾ ਅਤੇ ਗੁਰੂ ਧਾਰਨ ਕਰਨ ਲਈ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਹਰ ਸਿਖ ਲਈ ਜ਼ਰੂਰੀ ਹੈ। ਇਸ ਤੋਂ ਕਿਸੇ ਨੂੰ ਅਤੇ ਕਿਸੇ ਹਾਲਤ ਵਿਚ ਵੀ ਮੁਆਫ਼ੀ ਨਹੀਂ।

ਅ) ਅੰਮ੍ਰਿਤਧਾਰੀ, ਤਿਆਰ ਬਰ-ਤਿਆਰ, ਗੁਰਮਤਿ ਰਹਿਤ ਰਹਿਣੀਏ ਅਤੇ ਸ੍ਵੱਛ ਜੀਵਨ ਵਾਲੇ ਗੁਰਸਿਖਾਂ ਦੇ ਸਮੂਹ ਦਾ ਨਾਮ ਹੀ ਪੰਥ ਅਰਥਾਤ ਖ਼ਾਲਸਾ ਹੈ। ਓਹ ਪੰਥ, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਜਗਿਆਸੂਆਂ ਪ੍ਰਤੀ ਵਾਹਿਗੁਰੂ ਨਾਲ ਅਭੇਦਤਾ ਦੀ ਜੁਗਤੀ ਵਰਤਾਉਣ ਦਾ ਅਧਿਕਾਰ ਹੈ, ਉਸ ਲਈ ਸ੍ਰੀ ਗੁਰੂ ਗ੍ਰੰਥ ਦੀ ਤਾਬਿਆ ਹੋਣਾ, ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰੂਪਣ ਕੀਤੇ ਸਿਧਾਂਤਾ ਅਨੁਸਾਰ ਜੀਵਨ ਦਾ ਧਾਰਨੀ ਹੋਣਾ ਮੁਢਲੀ ਸ਼ਰਤ ਹੈ। ਤੇ ਇਸ ਸ਼ਰਤ ਵਿਚ ਪੂਰੇ ਉਤਰਨ ਮਗਰੋਂ ਹੀ ਪੰਥ, ਗੁਰੂ ਕੀ ਪਰਤੀਤਿ ਦਾ ਪਾਤਰ ਹੋ ਸਕਦਾ ਹੈ।

ਵੋਟ-ਪ੍ਰਾਪਤੀ ਕਰਨ ਲਈ ਪੰਥ ਦੀ ਭਾਵੇਂ ਕੋਈ ਪ੍ਰੀਭਾਸ਼ਾ ਕਲਪ ਲਈ ਜਾਵੇ, ਪਰ ਗੁਰਬਾਣੀ, ਗੁਰਮਤਿ ਅਤੇ ਸਿਖ ਇਤਿਹਾਸ ਦੀ ਰੌਸ਼ਨੀ ਵਿਚ ਖ਼ਾਲਸਾ ਪੰਥ ਦੀ ਪ੍ਰੀਭਾਸ਼ਾ ਕੇਵਲ ਇਕੋ ਇਕ ਹੀ ਹੈ ਕਿ 'ਖ਼ਾਲਸਾ-ਪੰਥ' ਨਾਂ ਹੈ ਅੰਮ੍ਰਿਤਧਾਰੀ, ਤਿਆਰ-ਬਰ-ਤਿਆਰ, ਰਹਿਤ-ਬਹਿਤ ਵਿਚ ਪਰਪੱਕ ਰਹਿ ਕੇ ਸ੍ਵੱਛ ਤੇ ਧਰਮੀ ਜੀਵਨ ਬਤੀਤ ਕਰਨ ਵਾਲੇ ਅਤੇ ਅਜਿਹੀ ਜੀਵਨ-ਜਾਚ ਦੀ ਪ੍ਰੇਰਨਾ ਦੇਣ ਵਾਲੇ ਸਰਬੱਤ ਗੁਰਸਿਖ ਮਰਜੀਵੜਿਆਂ ਦੇ ਸਮੂਹ ਦਾ।

## ਸ੍ਰੀ ਗੁਰੂ ਗ੍ਰੰਥ ਤੇ ਪੰਥ

ਜਿਹਾ ਕਿ ਉਪਰ ਵਰਨਣ ਕੀਤਾ ਹੈ, ਜੋਤੀ ਜੋਤਿ ਸਮਾਵਣ ਦਾ ਚਲਿਤਰ ਵਰਤਾਉਣ ਸਮੇਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਦਾ ਟਿੱਕਾ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿਤਾ ਅਤੇ ਪੰਥ ਨੂੰ ਹਜ਼ੂਰ ਦੀ ਤਾਬਿਆ ਵਿਚ ਰਹਿ ਕੇ ਵਾਹਿਗੁਰੂ ਨਾਲ ਅਤੇ ਦਾਤ ਪ੍ਰਾਪਤੀ ਲਈ ਨਾਮ-ਅੰਮ੍ਰਿਤ ਵਰਤਾਉਣ ਦਾ ਅਧਿਕਾਰ ਬਖ਼ਸ਼ਿਆ। ਗੁਰੂ ਗ੍ਰੰਥ ਅਤੇ ਪੰਥ ਦਾ ਸੰਬੰਧ ਆਤਮਾ ਤੇ ਸਰੀਰ ਦੀ ਨਿਆਈਂ ਹੀ ਹੈ। ਸਰੀਰ ਦੀ ਹੋਂਦ ਆਤਮਾ ਨਾਲ ਹੀ ਹੈ ਅਤੇ ਆਤਮਾ ਦੇ ਪ੍ਰਕਿਰਤੀ ਦੇ ਸੰਬੰਧ ਵਿਚ ਕਰਤੱਵ ਕਰਨ ਲਈ ਸਰੀਰਕ ਚੋਲਾ ਵੀ ਪਰਮ ਜ਼ਰੂਰੀ ਹੈ, ਪਰ ਦੋਹਾਂ ਵਿਚੋਂ ਪ੍ਰਧਾਨਤਾ ਆਤਮਾ ਦੀ ਹੈ। ਸਰੀਰ ਦੀ ਅਣਹੋਂਦ ਤੋਂ ਪਹਿਲਾਂ ਤੇ ਮਗਰੋਂ ਵੀ ਆਤਮਾ ਇਕਸਾਰ ਅਤੇ ਇਕ ਰਸ ਹੀ ਰਹਿੰਦੀ ਹੈ। ਗੁਰੂ, ਪੰਥ ਦਾ ਸਾਜਨਹਾਰ ਹੈ ਅਤੇ ਗੁਰੂ, 'ਗੁਰੂ ਗ੍ਰੰਥ ਜੀ' ਹੀ ਹਨ। ਸਾਹਿਬ ਸ੍ਰੀ ਗੁਰੂ ਗ੍ਰੰਥ ਦੀ ਤਾਬਿਆ (ਸਿਧਾਂਤਾ ਦੀ ਰੌਸ਼ਨੀ) ਵਿਚ ਜਦੋਂ ਪੰਥ ਪੰਚ-ਪਰਧਾਨੀ ਜਾਂ ਸਮੁੱਚੇ ਰੂਪ ਵਿਚ ਵਿਚਰਦਾ ਹੈ ਤਾਂ ਇਸ ਨੂੰ ਗੁਰੂ-ਪੰਥ ਦੀ ਪਦਵੀ ਸੁਤੇ ਹੀ ਪ੍ਰਾਪਤ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਤੇ 'ਗੁਰੂ ਪੰਥ' ਦੀ ਸਾਂਝ ਆਤਮਾ ਤੇ ਸਰੀਰ ਵਾਲੀ ਹੈ, ਜੋ ਅਨਿੱਖੜਵੀਂ ਅਤੇ ਸਦੀਵੀ ਹੈ, ਪਰ ਸ਼ਰਤ ਇਹੋ ਹੈ ਕਿ ਪੰਥ, ਹਜ਼ੂਰ ਦੀ ਤਾਬਿਆ ਵਿਚ ਵਿਚਰੇ।

ਸਵਾਲ ਪੈਦਾ ਹੁੰਦਾ ਹੈ ਕਿ ਇਹ ਕਿਵੇਂ ਪਤਾ ਲਗੇ ਕਿ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਕਿਸ ਹਦ ਤਕ ਵਿਚਰ ਰਿਹਾ ਹੈ। ਇਸ ਸਬੰਧੀ ਕੁਝ ਮੋਟੀਆਂ ਮੋਟੀਆਂ ਨਿਸ਼ਾਨੀਆਂ ਇਹ ਹਨ, ਜਿਨ੍ਹਾਂ ਦੀ ਟੋਹ ਲੈ ਕੇ ਇਸ ਬਾਰੇ ਨਿਰਣਾ ਕਰਨ ਦਾ ਯਤਨ ਕੀਤਾ ਜਾ ਸਕਦਾ ਹੈ -

੧) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਟਿੱਕਿਆ ਤੇ ਗੁਰ-ਗੱਦੀ ਤੇ ਬਿਰਾਜਮਾਨ ਕੀਤਾ। ਹੁਣ ਉਹ ਪੰਜੇ ਤਖ਼ਤ ਜਿਨ੍ਹਾਂ ਉਤੇ ਕਦੀ ਸਤਿਗੁਰੂ ਸਾਹਿਬਾਨ ਗੁਰੂ ਜਾਮਿਆਂ ਵਿਚ ਸਜ ਕੇ ਸੰਗਤ ਨੂੰ ਦੀਦਾਰੇ ਬਖ਼ਸ਼ਦੇ ਹੁੰਦੇ ਸੀ, ਉਹਨਾਂ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਸ਼ੋਭਤ ਕੀਤੇ ਜਾਣੇ ਚਾਹੀਦੇ ਹਨ। ਓਥੇ ਅਜੇ ਤਕ ਗੁਰੂ ਕੇ ਸ਼ਸਤਰਾਂ ਨੂੰ ਤਾਂ ਭਾਵੇਂ ਥਾਂ ਦਿਤੀ ਗਈ ਹੈ, ਪਰ ਸ਼ਸਤਰਾਂ ਵਾਲੇ ਅਤੇ ਤਖ਼ਤ ਚੌਰ ਦੇ ਮਾਲਿਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤਖ਼ਤਾਂ ਉਤੇ ਅਜੇ ਤਕ ਸਸ਼ੋਭਤ ਨਹੀਂ ਕੀਤਾ ਗਿਆ। ਇਸ ਵਿਚ ਕੀ ਰੁਕਾਵਟ ਹੈ, ਇਹ ਪੰਥ ਜਾਣੇ।

੨) ਗੁਰੂ ਦੇ ਸਰੂਪ ਜਾਂ ਸਰੂਪਾਂ ਦਾ ਬਜ਼ਾਰਾਂ ਵਿਚ ਵੇਚੇ ਜਾਣਾ ਤੇ ਮਨ ਮਰਜ਼ੀ ਨਾਲ ਸ਼ੁਧ ਅਸ਼ੁੱਧ ਰੂਪ ਵਿਚ ਛਾਪਿਆ ਜਾਣਾ, ਪੰਥ ਲਈ ਨਮੋਸ਼ੀ ਦਾ ਕਾਰਨ ਹੈ। ਇਸ ਵਿਕਰੀ ਨੂੰ ਕਿਵੇਂ ਸੰਪੂਰਨ ਤੌਰ ਤੇ ਬੰਦ ਕਰਨਾ ਹੈ, ਇਹ ਪੰਥ ਨੂੰ ਸੋਚਣ ਵਿਚਾਰਨ ਦੀ ਲੋੜ ਹੈ।

੩) ਸਾਡੀ ਸਿਫਤ-ਸਲਾਹ ਨਾਲ ਅਕਾਲ ਪੁਰਖ ਨਾ ਵੱਡਾ ਹੋ ਜਾਂਦਾ ਹੈ ਅਤੇ ਨਾ ਸਾਡੇ ਸਿਫਤ-ਸਲਾਹ ਨਾ ਕਰਨ ਨਾਲ ਉਸ ਵਿਚ ਕੋਈ ਘਾਟ ਵਾਪਰਦੀ ਹੈ। ਗੁਰਵਾਕ-

*ਜੇ ਸਭ ਮਿਲਿ ਕੈ ਆਖਣ ਪਾਹਿ॥*
*ਵਡਾ ਨ ਹੋਵੈ ਘਾਟਿ ਨ ਜਾਇ॥*
*(ਆਸਾ ਮ: ੧, ਰਹਰਾਸਿ)*

ਇਸੇ ਤਰ੍ਹਾਂ ਸਤਿਗੁਰੂ ਦਾ ਸਤਿਕਾਰ ਕਰਨ ਨਾਲ ਜਾਂ ਨਾ ਕਰਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੋਈ ਫ਼ਰਕ ਨਹੀਂ ਪੈਂਦਾ, ਪਰ ਜਿਵੇਂ ਆਪਣੇ ਵਿਚ ਦੈਵੀ-ਗੁਣ ਪੈਦਾ ਕਰਨ ਲਈ ਅਕਾਲ ਪੁਰਖ ਦੀ ਸਿਫਤ-ਸਲਾਹ ਕਰਨੀ ਲਾਜ਼ਮੀ ਹੈ, ਇਵੇਂ ਹੀ ਖੁਟਹਰ ਮਨ ਵਿਚ ਭੈ-ਭਾਵਨੀ ਵਸਾਉਣ ਲਈ ਤੇ ਗੁਰ-ਉਪਦੇਸ਼ਾਂ ਦਾ ਵਾਸਾ ਕਰਾਉਣ ਲਈ ਗੁਰੂ ਦਾ ਸਤਿਕਾਰ ਕਰਨਾ ਅਤੀ ਜ਼ਰੂਰੀ ਹੈ। ਇਹ ਸਤਿਕਾਰ ਕਰਨਾ ਗੁਰੂ ਲਈ ਨਹੀਂ, ਸਗੋਂ ਸਾਡੇ ਆਪਣੇ ਲਈ ਲਾਭਦਾਇਕ ਹੈ। ਗੁਰੂ-ਸਤਿਕਾਰ ਦੇ ਕਈ ਪੱਖ ਹਨ। ਜਿਵੇਂ-

ੳ) ਗੁਰੂ ਉਪਦੇਸ਼ ਨੂੰ ਹਿਰਦੇ ਵਿਚ ਧਾਰਨ ਕਰ ਕੇ ਕਥਾ ਕੀਰਤਨ ਰਾਹੀਂ ਗੁਰਮਤਿ ਦੇ ਪਸਾਰ ਲਈ ਨਿਸ਼ਕਾਮ ਤੇ ਨਿਰਲੋਭ ਉਪਰਾਲਾ ਕਰਨਾ।

ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਦਾ ਪੂਰਨ ਅਦਬ ਸਤਿਕਾਰ ਕਰਨਾ ਅਤੇ ਪੂਰਨ ਭੈ-ਭਾਵਨੀ ਵਿਚ ਸਾਂਭ ਸੰਭਾਲ ਕਰਨੀ।

ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਸਿੱਖ ਦੇ ਘਰ ਦਾ ਸਭ ਤੋਂ ਵਧੀਆ ਕਮਰਾ ਅਤੇ ਸਭ ਤੋਂ ਵਧੀਆ ਬਸਤਰ ਗੁਰੂ ਅਰਪਣ ਹੋਣੇ ਬਣਦੇ ਹਨ।

ਸ) ਲਿਖਤੀ ਬੀੜਾਂ ਦੇਸ ਅਤੇ ਪਰਦੇਸ ਵਿਚ ਕਈ ਥਾਵਾਂ ਤੇ ਬਿਰਾਜਮਾਨ ਹਨ। ਇਹ ਸੁੱਰਖਿਅਤ ਕਰਨ ਜੋਗ ਹਨ। ਇਨ੍ਹਾਂ ਦੀ ਸੰਪੂਰਨ ਸੂਚੀ ਤਿਆਰ ਕੀਤੇ ਜਾਣ ਅਤੇ ਸਾਂਭ ਸੰਭਾਲ ਦੀ ਅਤੀਅੰਤ ਲੋੜ ਹੈ।

ਹ) ਲਿਖਤੀ ਬੀੜਾਂ ਦੀ ਸੁਰਤ ਸੰਭਾਲ ਕੀਤੀ ਜਾਣੀ ਚਾਹੀਦੀ ਹੈ। ਹਜ਼ਾਰਾਂ ਦੀ ਗਿਣਤੀ ਵਿਚ ਇਹ ਬੀੜਾਂ ਸਾਲਾਂ ਤੋਂ ਅਲਮਾਰੀਆਂ ਵਿਚ ਵੱਖ-ਵੱਖ ਥਾਵਾਂ ਤੇ ਬੰਦ ਹਨ।

ਕ) ਜਿਨ੍ਹਾਂ ਬੀੜਾਂ ਦੇ ਵਿਚਕਾਰਲੇ ਜਾਂ ਪਾਸਿਆਂ ਦੇ ਕੁਝ ਪੰਨੇ ਮਸਤਾਨੇ ਹੋ ਜਾਂਦੇ ਹਨ, ਪਰ ਬਾਕੀ ਪਤਰਿਆਂ ਦੀ ਹਾਲਤ ਚੰਗੀ ਹੁੰਦੀ ਹੈ ਉਨ੍ਹਾਂ ਨੂੰ ਬਿਰਧ ਬੀੜਾਂ ਵਿਚ ਸ਼ਾਮਲ ਕਰ ਕੇ ਸ੍ਰੀ ਗੋਇੰਦਵਾਲ ਸਾਹਿਬ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਭੇਜ ਦੇਣਾ ਘੋਰ ਅਨਗਹਿਲੀ ਅਤੇ ਸ਼ਰਧਾ ਵਿਚ ਕਮੀ ਦਾ ਸੂਚਕ ਹੈ। ਗੁਰੂ ਦੇ ਸਤਿਕਾਰ ਸੰਬੰਧੀ ਉਪਰ ਵਰਣਿਤ ਸੁਝਾਵਾਂ ਬਾਰੇ ਕਈਆਂ ਨੂੰ, ਖ਼ਾਸ ਕਰਕੇ ਸਾਡੇ ਅੱਜ ਕਲ੍ਹ ਦੇ ਬੁਧੀ-ਜੀਵੀਆਂ ਨੂੰ ਕੁਝ ਸੰਸਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਧਰਮ-ਗ੍ਰੰਥ ਹੀ ਹਨ। ਸਧਾਰਨ ਤੌਰ ਤੇ ਵੇਖਿਆਂ ਅਤੇ ਸਧਾਰਨ ਮਨੁੱਖ ਲਈ ਤਾਂ ਏਵੇਂ ਹੀ ਹੈ। ਪਰ ਅਸਲੀਅਤ ਕੁਝ ਹੋਰ ਹੈ। ਜਿਵੇਂ ਬਿਜਲੀ ਦਾ ਪਾਵਰ ਪਲਾਂਟ ਸਧਾਰਨ ਮਨੁੱਖ ਲਈ ਕੇਵਲ ਸਧਾਰਨ ਢਾਂਚਾ ਹੀ ਹੈ, ਪਰ ਜਿਹੜਾ ਮਨੁੱਖ ਬਿਜਲੀ ਸੰਬੰਧੀ ਵਾਕਫੀਅਤ ਰੱਖਦਾ ਹੈ ਉਹ ਜਾਣਦਾ ਹੈ ਕਿ ਇਹ ਸਧਾਰਨ ਨਹੀਂ ਸਗੋਂ ਸ਼ਕਤੀ ਪੂਰਤ ਢਾਂਚਾ ਹੈ। ਉਹ ਇਸ ਢਾਂਚੇ ਰਾਹੀਂ ਜਿੰਦਗੀ ਦੇ ਬੇਅੰਤ ਕਾਰਜ ਸੰਵਾਰਦਾ ਹੈ, ਏਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗ੍ਰੰਥ ਰੂਪ ਤਾਂ ਸਾਰਿਆਂ ਨੂੰ ਦਿਸਦਾ ਹੈ, ਪਰ ਇਸ ਵਿਚ ਵਰਤ ਰਹੀ ਸ਼ਬਦ-ਜੋਤਿ ਨੂੰ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਪੱਖ ਨੂੰ ਵਿਰਲੇ ਸੁਭਾਗੇ ਵਿਅਕਤੀ ਹੀ ਅਨੁਭਵ ਕਰਦੇ ਹਨ। ਫੁਰਮਾਨ ਹੈ -

*ਸਤਿਗੁਰ ਨੋ ਜੇਹਾ ਕੋ ਇਛਦਾ,*
*ਤੇਹਾ ਫਲੁ ਪਾਏ ਕੋਇ॥* *ਅੰਗ - ੩੦੨*

*ਪੋਥੀ ਪਰਮੇਸਰ ਕਾ ਥਾਨੁ॥*
*ਸਾਧਸੰਗਿ ਗਾਵਹਿ ਗੁਣ ਗੋਬਿੰਦ*
*ਪੂਰਨ ਬ੍ਰਹਮ ਗਿਆਨੁ॥* *ਅੰਗ - ੫*

ਸੋ ਜਿਹੜੇ ਸ਼ਬਦ-ਜੋਤਿ ਨੂੰ ਅਨੁਭਵ ਕਰਦੇ ਹਨ ਉਨ੍ਹਾਂ ਨੂੰ ਹੀ ਜੋਤਿ-ਚਾਨਣਾ ਪ੍ਰਾਪਤ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਤ-ਜੋਤਿ ਸਤਿਗੁਰੂ ਹਨ।

੪) ਕੇਵਲ ਗੁਰਮੁਖਿ ਅਤੇ ਰਹਿਤਵਾਨ 'ਗੁਰਸਿਖ' ਹੀ ਸਿਖ ਸੰਸਥਾਵਾਂ ਦੇ ਮੈਂਬਰ ਅਤੇ ਆਗੂ ਹੋਣੇ ਚਾਹੀਦੇ ਹਨ। ਕਿਸੇ ਬੇਅੰਮ੍ਰਿਤੀਏ ਜਾਂ ਪਤਿਤ ਨੂੰ ਸਿਖ ਪ੍ਰਬੰਧਕ ਸੰਸਥਾ ਜਾਂ ਵਿਦਿਅਕ ਸੰਸਥਾ ਦੀ ਮੈਂਬਰੀ ਜਾਂ ਨੌਕਰੀ ਨਹੀਂ ਦਿੱਤੀ ਜਾਣੀ ਚਾਹੀਦੀ, ਭਾਵੇਂ ਉਸ ਨੇ ਕਿੰਨੀਆਂ ਵੀ ਡਿਗਰੀਆਂ ਪ੍ਰਾਪਤ ਕੀਤੀਆਂ ਹੋਣ।

੫) ਕੇਸਾਂ ਤੋਂ ਦਾੜ੍ਹੀ ਦੀ ਖੁਲ੍ਹਮਖੁਲ੍ਹਾ ਬੇਅਦਬੀ ਕਰਨ ਵਾਲਿਆਂ ਨੂੰ ਕੁਝ ਨਿਸਚਿਤ ਮਾਇਕ ਭੇਟਾ ਗੁਰਧਾਮਾਂ ਤੇ ਅਰਪਣ ਕਰਨ ਵਜੋਂ ਸਿਰੋਪਾਓ ਦਿਤੇ ਜਾਂਦੇ ਹਨ। ਇਹ ਖਾਲਸਈ ਸਿਰੋਪਾਓ ਦੀ ਖੁਲ੍ਹਮਖੁਲ੍ਹਾ ਬੇਅਦਬੀ ਤੇ ਸਿਖ ਅਸੂਲਾਂ ਦਾ ਮਖੌਲ ਉਡਾਉਣ ਵਾਲੀ ਗੱਲ ਹੈ।

੬) ਗੁਰਬਾਣੀ ਜਾਂ ਸਿਖ ਬੋਲਿਆਂ ਦੀਆਂ ਤੁਕਾਂ ਦੇ

*(ਬਾਕੀ ਪੰਨਾ 36 'ਤੇ)*

# ਇਨਿ ਬਿਧਿ ਨਗਰੁ ਵੁਠਾ ਮੇਰੇ ਭਾਈ

*[ਪ੍ਰਿੰ. ਸੱਜਣ ਸਿੰਘ ਜੀ]*

ਪੰਜਾਂ ਦੀ ਗਿਣਤੀ ਦੀ ਖਾਸ ਮਹੱਤਤਾ ਹੈ। ਇਸ ਦਾ ਮੁੱਢ ਅਕਾਲ ਪੁਰਖ ਦੇ ਹੁਕਮ ਦੁਆਰਾ ਬੱਝਾ ਜਦ ਕਿ ਜੀਵ ਦੇ ਸਰੀਰ ਨਾਲ ਹੱਥਾਂ ਤੇ ਪੈਰਾਂ ਦੀਆਂ ਪੰਜ ਪੰਜ ਉਗਲਾਂ ਲੱਗੀਆਂ। ਜਿਹੜਾ ਕੰਮ ਇਕੱਲੀ ਉਂਗਲ ਕਰਨ ਤੋਂ ਅਸਮਰਥ ਹੈ, ਉਹ ਪੰਜਾਂ ਉਗਲੀਆਂ ਦੇ ਸਮੂਹਕ ਬਲ ਦੁਆਰਾ ਸਹਜੇ ਹੀ ਸਿਰੇ ਚੜ੍ਹ ਜਾਂਦਾ ਹੈ। ਤਾਂਹੀਓ ਤਾਂ ਇਹ ਇਤਫਾਕ ਤੇ ਬਲ ਦਾ ਪ੍ਰਤੀਕ ਹੈ ਅਤੇ ਪੰਜਾਂ ਨੂੰ ਪੰਚ ਜਨਾਂ ਦੇ ਰੂਪ ਵਿੱਚ ਮਾਨਤਾ ਮਿਲਣੀ ਤੇ ਇਹਨਾਂ ਦਾ ਨਿਰਣਾ ਤੇ ਫੈਸਲਾ ਸਭ ਨੂੰ ਪਰਵਾਨ ਹੋਣਾ ਇਸ ਦੀ ਪ੍ਰਤੱਖ ਉਦਾਹਰਣ ਹੈ। ਸਿੱਖ ਜਗਤ ਵਿੱਚ ਪੰਚ ਜਨਾਂ ਦਾ ਵਿਸ਼ੇਸ਼ ਅਸਥਾਨ ਹੈ।

ਇਨਸਾਨ ਦੇ ਮਨ ਖੇਤਰ ਵਿੱਚ ਵੀ ਦੈਵੀ ਵਿਰਤੀ ਤੇ ਸ਼ੈਤਾਨੀ ਬਿਰਤੀ ਦਾ ਨਿਰੰਤਰ ਸੰਘਰਸ਼ ਸ਼ੁਰੂ ਤੋਂ ਹੀ ਚਲਦਾ ਆਇਆ ਹੈ। ਜਿਸ ਦਾ ਪੱਲੜਾ ਭਾਰੂ ਹੁੰਦਾ ਹੈ, ਉਹ ਆਪਣੀ ਮਰਜ਼ੀ ਨਾਲ ਵਿਚਾਰਾਂ ਨੂੰ ਅਮਲ ਦਾ ਰੂਪ ਦਿੰਦਾ ਹੈ। ਦੇਖਿਆ ਜਾਏ ਤਾਂ ਲਗਭਗ ਸਾਰਾ ਸੰਸਾਰ ਪੰਜਾਂ ਡਾਕੂਆਂ, ਲੁਟੇਰਿਆਂ ਦੀ ਮਾਰ ਨਾਲ ਅਧਮੋਆ ਅੰਮ੍ਰਿਤ ਜੈਸੀ ਅਮੋਲਕ ਵਸਤੂ ਆਪਣੇ ਹੱਥੀਂ ਲੁਟਾਂਦਾ ਪਿਆ ਹੈ। ਏਨਾ ਸਹਿਮਿਆ ਹੈ ਕਿ ਮੂੰਹ ਵਿਚੋਂ ਆਵਾਜ਼ ਨਹੀਂ ਨਿਕਲਦੀ, ਜੇ ਕੁਛ ਪੁਕਾਰਦਾ ਹੈ, ਤਾਂ ਉਸ ਨੂੰ ਸੁਣਨ ਵਾਲਾ ਤੇ ਸਹਾਇਤਾ ਕਰਨ ਵਾਲਾ ਕੋਈ ਨਹੀਂ। ਗੁਰਦੇਵ ਜੀ ਦਾ ਫੁਰਮਾਨ ਹੈ –

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ॥* *ਅੰਗ – ੬੦੦*

ਜਿਸ ਇਨਸਾਨ ਨੇ ਖੂਨ ਪਸੀਨੇ ਦੀ ਕਮਾਈ ਨਾਲ ਆਪਣਾ ਛੋਟਾ ਜਿਹਾ ਮਕਾਨ ਉਸਾਰਿਆ ਹੋਵੇ, ਲਾਲਚ ਜਾਂ ਮਜਬੂਰੀ ਕਰਕੇ ਕਿਰਾਏ ਤੇ ਕਿਸੇ ਨੂੰ ਸੌਂਪਿਆਂ ਹੋਵੇ, ਤੇ ਉਹ ਕਿਰਾਏਦਾਰ ਜ਼ਬਰਦਸਤੀ ਕਬਜ਼ਾ ਕਰ ਬੈਠੇ ਤੇ ਅਨੇਕ ਜਤਨਾਂ ਦੇ ਬਾਵਜੂਦ ਉਹ ਖਾਲੀ ਨਾ ਕਰੇ ਤਾਂ ਉਸ ਮਾਲਕ ਮਕਾਨ ਨੂੰ ਕਿੰਨਾ ਦੁੱਖ ਤੇ ਝੋਰਾ ਹੁੰਦਾ ਹੈ, ਸਭੁ ਕੋਈ ਭਲੀ ਭਾਂਤ ਜਾਣਦਾ ਹੈ। ਕਈ ਜ਼ਿਮੀਦਾਰ ਆਪਣੀ ਭੂਮੀ ਵਿੱਚ ਫਸਲ ਉਗਾਉਣ ਤੇ ਦੇਖ ਭਾਲ ਦਾ ਕੰਮ ਕਿਸੇ ਹੋਰ ਕਾਸ਼ਤਕਾਰ ਨੂੰ ਹਵਾਲੇ ਕਰਕੇ ਮੁਫ਼ਤ ਦੀ ਮੁਸੀਬਤ ਗਲ ਪਾ ਬਹਿੰਦੇ ਹਨ। ਸਾਡੀ ਤਰਸਯੋਗ ਦਸ਼ਾ ਇਹਨਾਂ ਤੋਂ ਵੀ ਭੈੜੀ ਹੈ। ਕਰਤਾਰ ਨੇ ਏਨਾ ਵਡਮੁੱਲਾ ਸ਼ਰੀਰ ਬਿਨਾ ਕਿਸੀ ਕੀਮਤ ਦੇ, ਰਹਿਮਤ ਦੇ ਘਰ ਆਇ ਕੇ, ਸਾਨੂੰ ਦਿੱਤਾ। ਦਿਆਲੂ ਪਿਤਾ ਨੇ ਦਰਿਆ ਦਿਲੀ ਵਿਖਾਈ ਤੇ ਇਸ ਤੱਤ ਵੱਲ ਧਿਆਨ ਨਹੀਂ ਦਿੱਤਾ ਕਿ ਅਸੀਂ ਵਾਸਤਵ ਵਿੱਚ ਅਧਿਕਾਰੀ ਵੀ ਹਾਂ ਕਿ ਨਹੀਂ। ਅਸੀਂ ਕ੍ਰਿਤਪਾਨ ਤਾਂ ਸਿੱਧ ਨਹੀਂ ਹੋਵਾਂਗੇ। ਇਹ ਉਸ ਦੀ ਵੱਡੀ ਵਡਿਆਈ ਹੈ। ਅਸੀਂ ਤਾਂ ਇਕ ਅੱਧੀ ਨਿਗੁਣੀ ਵਸਤੂ ਦੇ ਕੇ ਬਿਫ਼ਰ ਜਾਂਦੇ ਹਾਂ। ਧੰਨ ਹੈ ਅਕਾਲ ਪੁਰਖ ਜਿਹੜਾ ਏਨੀਆਂ ਵੱਡੀਆਂ ਦਾਤਾਂ, ਗੁਣ, ਚੰਗਿਆਈਆਂ ਦੇ ਕੇ ਪਛਤਾਉਂਦਾ ਨਹੀਂ ਹੈ। ਪਰ ਅਸੀਂ ਤਾਂ ਦਾਤਾਰ ਪ੍ਰਭੂ ਨੂੰ ਭੁੱਲ ਕੇ ਉਸ ਦੀਆਂ ਦਾਤਾਂ ਨਾਲ ਪਿਆਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਨਤੀਜੇ ਵਜੋਂ ਆਤਮਕ ਸਿਫਤਾਂ ਨਾਲ ਸਾਡਾ ਨਾਤਾ ਟੁੱਟ ਗਿਆ ਤੇ ਸਾਡਾ ਸਰੀਰ ਮੋਹ ਦੇ ਚਿੱਕੜ ਵਿੱਚ ਗਲ ਤੱਕ ਡੁੱਬ ਗਿਆ।

ਹੁਣ ਸਾਡੀ ਕਾਇਆ ਨਗਰ ਦੀ ਮਲਕੀਅਤ ਕਾਹਦੀ ਰਹਿ ਗਈ, ਜਦ ਪੰਜ ਦੁਸ਼ਟ ਇਸ ਸਰੀਰ ਤੇ ਹਾਵੀ ਹੋ ਗਏ ਸ਼ੁਰੂ ਵਿੱਚ ਤਾਂ ਅਸੀਂ ਆਪ ਹੀ ਲਾਲਚ ਦੇ ਹਿੱਤ ਨਾਲ ਨੇਹੁ ਲਗਾਇ ਕੇ ਲੋਭ ਤੇ ਮੋਹ ਨੂੰ ਸੱਦਾ ਦਿੱਤਾ ਪਰ ਇਨ੍ਹਾਂ ਨੇ ਕੁਟਲ ਨੀਤੀ ਤੋਂ ਕੰਮ ਲਿਆ ਤੇ ਬਾਕੀ ਤਿੰਨਾਂ

ਨੂੰ ਵੀ ਆਪਣੇ ਨਾਲ ਮਿਲਾ ਲਿਆ ਤੇ ਡੇਰਾ ਜਮਾ ਕੇ ਬੈਠ ਗਏ। ਇਨ੍ਹਾਂ ਨੂੰ ਆਰਾਮ ਨਾਲ ਬੈਠਣਾ ਨਹੀਂ ਆਉਂਦਾ, ਭਾਵੇਂ ਇਨ੍ਹਾਂ ਦੀਆਂ ਲੋੜਾਂ ਪੂਰੀਆਂ ਕਰੋ, ਭਾਵੇਂ ਚਾਪਲੂਸੀ ਕਰੋ। ਅੰਦਰਗਤੀ ਇਨ੍ਹਾਂ ਨੇ ਅੰਮ੍ਰਿਤ ਰੂਪੀ ਨਾਮ ਧਨ ਚੁਰਾ ਕੇ ਸਾਨੂੰ ਖੋਖਲਾ ਬਣਾ ਦਿੱਤਾ। ਗੁਰਵਾਕ ਹੈ:

*ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮੁ ਧਨੁ ਹਿਰਿਆ॥*
*ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥* *ਅੰਗ - ੧੧੭੦*

ਤੇ ਅਸੀਂ ਅਗਿਆਨੀ ਅੰਧਲੇ ਗੁਰਮਤਿ ਦੀ ਕਦਰ ਨਹੀਂ ਪਾ ਸਕੇ। ਅਸੀਂ ਕਹੀਏ ਜਾਂ ਨਾ ਕਹੀਏ ਵਾਸਤਵ ਵਿੱਚ ਇਨ੍ਹਾਂ ਚੋਰਾਂ ਨੇ ਸਾਡਾ ਘਰ ਸੰਭਾਲ ਲਿਆ ਹੈ। ਅੰਤਰਜਾਮੀ ਸਤਿਗੁਰੂ ਤੋਂ ਕਿਹੜੀ ਗੱਲ ਗੁੱਝੀ ਹੈ, ਉਹ ਘਟ ਘਟ ਦੇ ਅੰਤਰ ਨੂੰ ਜਾਣਦਾ ਹੈ, ਸਾਡੀ ਅਗਿਆਨਤਾ ਤੇ ਮਜਬੂਰੀ ਨੂੰ ਵੀ।

*ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ॥*
*ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ॥*
*ਅੰਗ - ੫੦੩*

ਸੂਝਵਾਨ ਪ੍ਰਾਣੀ ਬਿਗਾਨਿਆਂ ਨੂੰ ਆਪਣੇ ਬਣਾਉਣ ਵਿੱਚ ਵਿਸ਼ਵਾਸ਼ ਰੱਖਦਾ ਹੈ। ਗੁਰਮੁਖ ਜਨ ਡਾਕਟਰ ਹੈ, ਜੇਲ ਅਫਸਰ ਕਦੀ ਉਹ ਸਜ਼ਾ ਨਹੀਂ ਦਿੰਦਾ, ਸੁਧਾਰਨ ਦਾ ਉਪਰਾਲਾ ਕਰਦਾ ਹੈ। ਇਹ ਨੀਤੀ ਪਰਉਪਕਾਰ ਦੀ ਹੈ, ਬਦਲੇ ਦੀ ਨਹੀਂ, ਇਹ ਪਰਮਾਰਥ ਲਈ ਸਹਾਇਕ ਤਾਂ ਹੁੰਦੀ ਹੈ ਹੀ, ਸੰਸਾਰਕ ਸੰਬੰਧਾਂ ਲਈ ਵੀ ਲਾਹੇਵੰਦ ਹੈ। ਸ਼ੰਕਾ ਤੇ ਭੈਅ ਤੋਂ ਮੁਕਤ ਹੋਣਾ ਇਸ ਦਾ ਫਲ ਹੈ। ਜਿਸ ਹਿਰਦੇ ਵਿੱਚ ਵੈਰ ਵਿਰੋਧ ਦੀ ਭਾਵਨਾ ਤੇ ਕ੍ਰੋਧ ਦੀ ਜੁਆਲਾ ਭੜਕ ਉਠੇ ਉਥੇ ਮਨ ਦੀ ਸ਼ਾਂਤੀ ਦਾ ਬੂਟਾ ਜਲ ਕੇ ਸੁਆਹ ਹੋ ਜਾਵੇਗਾ। ਉਥੇ ਸਹਜ ਅਵਸਥਾ ਦੀ ਗੱਲ ਕਰਨੀ ਵੀ ਅਰਥ-ਹੀਨ ਹੋਵੇਗੀ। ਸਾਨੂੰ ਵਿਵੇਕ-ਹੀਨਾਂ ਨੂੰ ਇਹ ਪਤਾ ਹੀ ਨਹੀਂ ਕਿ ਕਿਹੜੇ ਵੈਰੀਆਂ ਦਾ ਨਾਸ਼ ਕਰਨਾ ਹੈ, ਕਿਹੜੇ ਵੈਰੀਆਂ ਨੂੰ ਆਪਣਾ ਬਣਾਉਣਾ ਹੈ।

ਪਤਾ ਨਹੀਂ ਸਾਡੇ ਅਵੇਸਲੇ ਪਨ ਦਾ ਨਤੀਜਾ ਨਿਕਲਿਆ ਜਾਂ ਸਾਡੀ ਕਮਜ਼ੋਰੀ ਦਾ ਲਾਭ ਉਠਾਇਆ। ਕਾਇਆ ਨਗਰੀ ਦੇ ਪੰਜੇ ਗਿਆਨ ਇੰਦਰੇ, ਬਾਹਰਲਾ ਸੰਦੇਸ਼ ਪਹੁੰਚਾਉਣ ਵਾਲੇ, ਆਪਣੇ ਹੀ ਘਰ ਦੇ ਪਹਿਰੇਦਾਰ ਰਖਵਾਲੇ ਸੌਂ ਗਏ ਕਿ ਧੋਖਾ ਖਾ ਗਏ, ਕਿ ਲੋਭ ਵਿੱਚ ਗ੍ਰਸ ਕੇ ਲੁਟੇਰਿਆਂ ਨਾਲ ਮਿਲ ਗਏ, ਅਜਿਹਾ ਵਿਸ਼ਵਾਸ਼-ਘਾਤ ਕਮਾ ਗਏ ਤੇ ਸ਼ੁੱਭ ਗੁਣਾਂ ਦਾ ਖਜ਼ਾਨਾ ਖਾਲੀ ਹੋਣਾ ਸ਼ੁਰੂ ਹੋ ਗਿਆ ਤੇ ਅਸੀਂ ਬੇਖਬਰ ਹੀ ਰਹੇ।

*ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ॥* *ਅੰਗ - ੩੩੯*

ਹੁਣ ਤਾਂ ਦਰਬਾਨਾਂ ਦਾ ਕੋਈ ਇਤਬਾਰ ਨਹੀਂ ਰਹਿਆ। ਬਿਕਾਰਾਂ, ਦੋਸ਼ਾਂ, ਔਗੁਣਾਂ, ਐਬਾਂ, ਦੁਸ਼ਟਾਂ ਦੂਤਾਂ ਤੇ ਹਮਲਾਅਵਰਾਂ ਨੂੰ ਨਗਰ ਵਿੱਚ ਦਾਖਲ ਹੋ ਕੇ ਲੁੱਟਣ, ਖੋਹਣ ਵਿੱਚ ਖਾਸ ਰੁਕਾਵਟਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਭਗਤ ਕਬੀਰ ਜੀ ਨੇ ਜੀਵ ਦੀ ਲਾਚਾਰੀ ਤੇ ਆਪਣੀ ਸਿਫ਼ਾਰਸ਼ ਦਾ ਨਕਸ਼ਾ ਇਨ੍ਹਾਂ ਸ਼ਬਦਾਂ ਦੁਆਰਾ ਖਿੱਚਿਆ ਹੈ-

*ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ॥*
*ਨੈਨੂ ਨਕਟੂ ਸ੍ਰਵਨੁ ਰਸਪਤਿ ਇੰਦ੍ਰੀ ਕਹਿਆ ਨ ਮਾਨਾ॥੧॥*
*ਬਾਬਾ ਅਬ ਨ ਬਸਉ ਇਹ ਗਾਉ॥*
*ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ॥੧॥*
*ਧਰਮਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ।*
*ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ॥੨॥*
*ਕਹੈ ਕਬੀਰ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ॥*
*ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ॥੩॥੭॥* *ਅੰਗ - ੧੧੦੪*

ਜੀਵ ਦੀ ਮਲਕੀਅਤ ਨਾਮ ਮਾਤਰ ਹੀ ਹੈ, ਅਸਲੀਅਤ ਵਿੱਚ ਕਬਜ਼ਾ ਇਨ੍ਹਾਂ ਪੰਜਾਂ ਦਾ ਹੈ। ਇਸ ਅਸਥਿਤੀ ਵਿੱਚ ਪਿੰਡ ਦਾ ਵਸਣਾ ਅਸੰਭਵ ਹੈ, ਇਹ ਅੱਜ ਵੀਰਾਨ ਹੋਇਆ ਜਾਂ ਕਲ੍ਹ। ਚਿਤਰ ਗੁਪਤ, ਰੌਸ਼ਨ ਜ਼ਮੀਰ ਦੁਆਰਾ ਲੇਖਾ ਜੋਖਾ ਹੁੰਦਾ ਰਹਿੰਦਾ ਹੈ ਪਰ ਜੀਵ ਦੀਆਂ ਕਰਤੂਤਾਂ ਵਿੱਚ ਕੋਈ ਫ਼ਰਕ ਨਹੀਂ ਪੈਂਦਾ। ਅੰਤ ਸਮੇਂ ਜੀਵ ਆਤਮਾ ਨੂੰ ਧਰਮ-ਰਾਇ ਦੀ ਕਚਹਿਰੀ ਵਿੱਚ ਇਕ ਕਰਜ਼ਾਈ ਦੇ ਰੂਪ ਵਿੱਚ ਪੇਸ਼ ਹੋਣਾ ਪੈਂਦਾ ਹੈ। ਇਹੋ ਜਿਹਾ ਅੰਤ ਹੈ ਜੀਵ ਦੀ ਸੰਸਾਰਕ ਯਾਤਰਾ ਦਾ।

ਕਰੁਣਾਨਿਧਿ ਗੁਰਦੇਵ ਜੀ, ਗੁਣ ਬਿਹੂਨ ਪਿੰਡ ਨੂੰ ਉਜੜਨ ਤੋਂ ਬਚਾਉਣਾ ਚਾਹੁੰਦੇ ਹਨ, ਆਪ ਜੀ ਦਾ ਉਪਦੇਸ਼ ਅਉਗੁਣਾਂ ਦੇ ਅੰਬਾਰ ਬਾਹਰ ਕੱਢ ਕੇ ਦੈਵੀ ਗੁਣਾਂ ਦਾ ਵਾਸਾ ਕਰਾਉਣਾ ਸਮਰਥ ਹੈ। ਜਿਸ ਨੇ ਗੁਰਮੰਤ੍ਰ ਦੀ ਕਮਾਈ ਕੀਤੀ ਤੇ ਨਾਮ ਨੂੰ ਹਿਰਦੇ ਵਿੱਚ ਦ੍ਰਿੜਾਇਆ, ਉਸ ਦੇ ਪਾਪਾਂ ਦਾ ਨਾਸ਼ ਹੋਣਾ ਅਵੱਸ਼ ਹੈ। ਹਜ਼ੂਰ ਦੇ ਬਚਨ ਹਨ -

*ਆਸਾ ਮਹਲਾ ੫॥*
*ਪੰਚ ਮਨਾਏ ਪੰਚ ਰੁਸਾਏ॥*
*ਪੰਚ ਵਸਾਏ ਪੰਚ ਗਵਾਏ॥*
*ਇਨ ਬਿਧਿ ਨਗਰੁ ਵੁਠਾ ਮੇਰੇ ਭਾਈ॥*
*ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ॥੧॥*
*ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ॥*
*ਅਬਿਚਲ ਨਗਰੀ ਨਾਨਕ ਦੇਵ॥ ਅੰਗ - ੪੩੦*

ਗੁਰਦੇਵ ਜੀ ਨੇ ਇਸ ਗੁਰਵਾਕ ਦੁਆਰਾ, ਵਿਸ਼ੇ ਵਿਕਾਰਾਂ ਤੇ ਐਬਾਂ ਦੀ ਲਾਗ ਤੋਂ ਨਿਰਲੇਪ ਰਹਿਣ ਦੀ ਜੁਗਤੀ ਤੋਂ ਜਾਣੂ ਕਰਾਇਆ ਹੈ। ਨਗਰੀ ਨੂੰ ਘਣੀ ਆਬਾਦੀ ਵਾਲੀ, ਸੁਰਖਿਅਤ ਤੇ ਖੁਸ਼ਹਾਲ ਬਣਾਉਣ ਲਈ ਸੱਚੇ ਧਰਮ ਦੀ ਵਾੜ ਤੇ ਤਕੜੇ ਫਾਟਕ ਲਾਉਣ ਦਾ ਫ਼ੁਰਮਾਨ ਦਿੱਤਾ ਹੈ। ਇਸ ਨਗਰੀ ਦੀ ਉਪਜਾਊ ਧਰਤੀ ਵਖਰੀ ਕਿਸਮ ਦੀ ਹੈ, ਜਿਸ ਵਿਚ ਕੇਵਲ ਨਾਮ ਦੇ ਬੀਜ਼ ਦੀ ਫਸਲ ਤਿਆਰ ਹੁੰਦੀ ਹੈ। ਸੱਚੇ ਵਾਪਾਰੀ ਉਹ ਹਨ ਜਿਹੜੇ ਸਤਿਗੁਰੂ ਦੀ ਸੇਵਾ ਦਾ ਸੌਦਾ ਕਰਦੇ ਹਨ। ਕੱਚ ਵਿਹਾਝਣ ਵਾਲੇ ਸੌਦਾਗਰਾਂ ਨੂੰ ਇੱਥੇ ਥਾਂ ਨਹੀਂ ਮਿਲਦੀ। ਕਿਉਂਕਿ ਇਹ ਨਗਰੀ ਅਮਰ ਤੇ ਅਟੱਲ ਹੈ, ਬਾਕੀ ਪਿੰਡਾਂ ਵਾਂਗਰ ਚਲਾਇਮਾਨ ਨਹੀਂ, ਇਸ ਕਰਕੇ ਇਸ ਨੂੰ ਅਬਿਚਲ ਨਗਰੀ ਦੇ ਨਾਮ ਨਾਲ ਵੀ ਪੁਕਾਰਿਆ ਜਾਂਦਾ ਹੈ।

ਕੰਚਨ ਤੇ ਦੁਨਿਆਵੀ ਇਸ ਥਾਂ ਠੀਕਰ ਸਮਾਨ ਹੈ। ਸਧਾਰਣ ਮਨੁੱਖ ਦੀ ਇਥੇ ਪਹੁੰਚ ਨਹੀਂ। ਪੰਜਾਂ ਨਾਲੋਂ ਟੁੱਟ ਕੇ ਪੰਜਾਂ ਨਾਲ ਸਾਂਝ ਬਣਾਉਣੀ ਪੈਂਦੀ ਹੈ। ਕੁਛ ਤਿਆਗਣਾ ਹੈ, ਕੁਛ ਗ੍ਰਹਿਣ ਕਰਨਾ ਹੈ।

*ਮਾਰੂ ਮਹਲਾ ੫॥ ਤਿਆਗਨਾ ਤਿਆਗਨੁ ਨੀਕਾ*
*ਕਾਮੁ, ਕ੍ਰੋਧੁ, ਲੋਭੁ ਤਿਆਗਨਾ॥ ਅੰਗ - ੧੦੧੮*

ਜੇ ਸੰਜਮ ਨਹੀਂ, ਔਸ਼ਧੀ ਕੀ ਕਰੇਗੀ। ਇਕ ਖਿਨ ਦਾ ਗਲਤ ਕਦਮ ਸਾਲਾਂ ਬੱਧੀ ਕਮਾਈ ਨੂੰ ਮਿੱਟੀ ਵਿੱਚ ਮਿਲਾਉਣ ਦੀ ਸ਼ਕਤੀ ਰੱਖਦਾ ਹੈ। ਕਈ ਤਪੱਸਵੀਆਂ ਨਾਲ ਅਜਿਹੀ ਘਟਨਾ ਵਾਪਰੀ ਹੈ। ਪੰਜ ਦੋਸ਼, ਪੰਜ ਐਬ, ਪੰਜ ਲੁਟੇਰੇ ਨਾਮ ਦੇ ਪੌਦੇ ਨੂੰ, ਖੇਤ ਦੇ ਕੀੜੇ ਵਾਂਗਰ ਖਾਣ ਤੇ ਤੁੱਲੇ ਹੋਏ ਹਨ। ਢਿੱਲ ਮਿੱਸ, ਜਾਂ ਸੌਦਾਗਰੀ ਮਹਿੰਗੀ ਪੈਂਦੀ ਹੈ। ਇਨ੍ਹਾਂ ਨੂੰ ਚੁਣ ਚੁਣ ਕੇ ਪੁੱਟਣਾ ਤੇ ਬਾਹਰ ਸੁੱਟਣਾ ਹੈ। ਇਹ ਸੁੱਕ ਕੇ ਵੀ ਹਰੇ ਹੋ ਜਾਂਦੇ ਹਨ ਇਸ ਲਈ ਇਨ੍ਹਾਂ ਨਾਲ ਕੋਈ ਸਮਝੌਤਾ ਨਹੀਂ ਕਰਨਾ।

ਤਿਆਗਣ ਤੇ ਗ੍ਰਹਿਣ ਕਰਨ ਦੀ ਕਿਰਿਆ ਇਕੋ ਸਮੇਂ ਨਾਲੋਂ ਵੱਧ ਵਰਤੋਂ ਵਿੱਚ ਲਿਆਉਣੀ ਦੋ-ਧਾਰੇ ਖੰਡੇ ਸਮਾਨ ਹੈ। ਔਗੁਣਾਂ ਦਾ ਬਲ, ਗੁਣਾਂ ਦੀ ਸ਼ਕਤੀ ਨਾਲ ਸਹਿਜੇ ਹੀ ਖਤਮ ਹੁੰਦਾ ਹੈ। ਗੁਰਬਾਣੀ ਵਿੱਚ ਪੰਜਾਂ ਦਾ ਜ਼ਿਕਰ ਸਪੱਸ਼ਟ ਰੂਪ ਵਿੱਚ ਆਇਆ ਹੈ।

*ਆਸਾ ਮਹਲਾ ੫॥ ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ॥*
*ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ॥ ਅੰਗ - ੩੨੯*

ਇਕ ਹੋਰ ਫ਼ੁਰਮਾਨ ਹੈ -

*ਬਿਲਾਵਲੁ ਮਹਲਾ ੫॥ ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ॥੧॥*
*ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ॥ ਅੰਗ - ੮੨੨*

ਇਸ ਦੇ ਇਲਾਵਾ ਪੰਜਾਂ ਤੱਤਾਂ ਦੇ ਦੈਵੀ ਗੁਣਾਂ ਦੀ ਵਿਸ਼ੇਸ਼ਤਾਂ ਘੱਟ ਨਹੀਂ ਜਿਨ੍ਹਾਂ ਦਾ ਸੰਬੰਧ ਬ੍ਰਹਮ ਗਿਆਨੀ ਦੀ ਅਵਸਥਾ ਨਾਲ ਹੈ। ਸੁਖਮਨੀ ਸਾਹਿਬ ਦੀ ਬ੍ਰਹਮ ਗਿਆਨੀ ਵਾਲੀ ਅਸ਼ਟਪਦੀ ਦੈਵੀ ਗੁਣਾਂ ਦਾ ਭੰਡਾਰ ਹੈ। ਆਕਾਸ਼ ਤੋਂ ਨਿਰਲੇਪਤਾ, ਅਗਨੀ ਤੋਂ ਮੈਲ ਸਾੜਨੀ, ਜਾਂ ਪਾਪ ਸਾੜਨੇ, ਧਰਤੀ ਤੋਂ ਧੀਰਜ, ਪਾਣੀ ਤੋਂ ਨਿਰਮਲਤਾ, ਹਵਾ ਤੋਂ ਸਮ ਦ੍ਰਿਸ਼ਟਤਾ, ਇਹ ਸਾਰੇ ਪੰਜ ਤੱਤਾਂ ਦੇ ਗੁਣ ਅਖਵਾਉਂਦੇ ਹਨ। ਸਤਿਗੁਰੂ ਜੀ ਦਾ ਫੁਰਮਾਨ ਹੈ -

*ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ॥*
*ਐਸੀ ਰਹਤ ਰਹਉ ਹਰਿ ਪਾਸਾ॥ ਅੰਗ - ੩੨੨*

ਮਨਾਉਣ ਦਾ ਭਾਵ, ਕਿਸੇ ਨੂੰ ਪ੍ਰੇਰ ਕੇ, ਆਪਣੇ ਵਿਚਾਰਾਂ ਨਾਲ ਸਹਿਮਤ ਕਰਾਉਣਾ ਹੈ। ਜੋ ਉਸ ਦੇ ਬੋਲਣ, ਜਾਂ ਕੰਮ ਕਰਨ ਦਾ ਢੰਗ ਵੱਖਰਾ ਹੈ ਤਾਂ ਉਸ ਨੂੰ ਦਲੀਲ ਸਹਿਤ ਜਾਂ ਮੌਕੇ ਤੇ ਕੋਈ ਹੋਰ ਵਿਧੀ ਜਾਂ ਪ੍ਰਯੋਗ ਕਰਕੇ ਗਲਤ ਫਹਿਮੀ ਦੂਰ ਕਰਨੀ ਤੇ ਆਪਣੇ ਮਾਰਗ ਤੇ ਚੱਲਣ ਲਈ ਰਜ਼ਾਮੰਦ ਕਰਾਉਣਾ ਹੈ। ਸਭ ਤੋਂ ਵੱਡਾ ਲਾਭ ਇਹ ਹੈ ਕਿ ਸਾਨੂੰ ਉਸ ਤੋਂ ਕਿਸੇ ਵੀ ਗੱਲ ਦਾ ਅੰਦੇਸ਼ਾਂ ਨਹੀਂ ਰਹਿੰਦਾ। ਰੁਕਾਵਟ ਜਾਂ ਵਿਰੋਧਤਾ ਦੀ ਭਾਵਨਾ ਦਾ ਭੈਅ ਖਤਮ ਹੋ ਜਾਂਦਾ ਹੈ। ਇਸ ਲਈ ਸੰਦੇਹ ਨਹੀਂ ਕਿ ਸਾਡੇ ਗਿਆਨ ਇੰਦਰੇ ਮਨਮਾਨੀ ਤੇ ਤੁੱਲੇ ਹੋਏ ਹਨ ਤੇ ਆਪਣੀ ਇਛਿਆ ਅਨੁਸਾਰ ਸਾਨੂੰ ਬਾਂਦਰ ਵਾਂਗਰ ਨਚਾਈ ਫਿਰਦੇ ਹਨ। ਜਦ ਤੱਕ ਇਹ ਰਾਸ ਨਹੀਂ ਆਉਂਦੇ, ਨਾਮ ਦੇ ਤੀਰਥ

***(ਬਾਕੀ ਪੰਨਾ 38 'ਤੇ)***

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਕਿਲ੍ਹੇ ਦੀ ਸਾਖੀ

*[ਭਾਈ ਦਵਿੰਦਰ ਸਿੰਘ ਜੀ, ਡੀ. ਐਸ. ਪੀ., ਜਗਾਧਰੀ]*

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਜੀਵਨ-ਸ਼ੈਲੀ ਵਿੱਚ ਨਵੀਂ ਵਿਉਂਤਬੰਦੀ ਕਰਨੀ ਪਈ। ਸਾਵਧਾਨੀ ਹਿੱਤ ਇਕ ਸੈਨਿਕ ਸ਼ਕਤੀ ਉਸਾਰਨ ਦੀ ਲੋੜ ਪੈਦਾ ਹੋਈ। ਪੀਰੀ ਦੇ ਸੰਕਲਪ ਦੇ ਨਾਲ ਨਾਲ ਮੀਰੀ ਦਾ ਸੰਕਲਪ ਹੋਂਦ ਵਿੱਚ ਆ ਗਿਆ। ਸ਼ਾਸਤਰ ਸਿੱਖਿਆ ਦੇ ਨਾਲ ਸ਼ਸਤਰਾਂ ਦੀ ਸਿਖਲਾਈ ਦਿੱਤੀ ਜਾਣ ਲੱਗੀ। ਬਲਵਾਨ ਫੁਰਤੀਲੇ ਘੋੜੇ, ਤੇਜ ਤਲਵਾਰਾਂ, ਨੇਜੇ ਤੇ ਭਾਲੇ ਅਰਪਣ ਹੋਣ ਲੱਗੇ। ਭਗਤੀ ਦੇ ਨਾਲ ਨਾਲ ਬਾਹੂ-ਬਲ ਸ਼ਕਤੀ ਦਾ ਪਰਗਟਾਓ ਪ੍ਰਚੰਡ ਹੋਣ ਲਗਾ।

ਗੁਰੂ ਘਰ ਦਾ ਕੱਟੜ ਵਿਰੋਧੀ ਹਿੰਦੂ ਚੰਦੂ ਦੀਵਾਨ ਦਵੈਸ਼ ਭਾਵਨਾ ਰਖਦਾ ਸੀ। ਉਸ ਨੂੰ ਛੇਵੇ ਪਾਤਸ਼ਾਹ ਜੀ ਦਾ ਤੇਜ ਪਰਤਾਪ ਵਧਦਾ ਦਿੱਸਿਆ ਤਾਂ ਉਸਨੇ ਗੁਰੂ ਸਾਹਿਬ ਦੇ ਬਰਖਿਲਾਫ ਸਾਜਿਸ਼ ਰਚੀ ਤੇ ਜਹਾਂਗੀਰ ਦੇ ਕੰਨ ਭਰੇ - ਬਾਦਸ਼ਾਹ ਸਲਾਮਤ! ਰਾਜ ਦੇ ਸੂਬਾ ਲਾਹੌਰ ਵਿੱਚ ਹਾਲਾਤ ਸਮਾਨਯ ਨਹੀਂ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਤਾਗੱਦੀ ਦਾ ਨਾਮ ਸ੍ਰੀ ਅਕਾਲ ਤਖਤ ਸਾਹਿਬ ਜੀ ਫਰਮਾਇਆ ਹੈ। ਉਨ੍ਹਾਂ ਦਾ ਧਿਆਨ ਜਿਆਦਾਤਰ ਸ਼ਸਤਰ ਵਿਦਿਆ ਤੇ ਕੇਂਦ੍ਰਿਤ ਹੈ। ਹਜੂਰ! ਉਹ ਬਾਦਸ਼ਾਹਿਤ ਦੀ ਬਰਾਬਰੀ ਕਰਨਾ ਚਾਹੁੰਦਾ ਹੈ। ਜੰਗੀ ਮਸ਼ਕਾ ਸ਼ੁਰੂ ਹਨ। ਚੰਦੂ ਨੇ ਜਹਾਂਗੀਰ ਨੂੰ ਬੜਾ ਵਧ-ਚੜ੍ਹਕੇ ਭੜਕਾਇਆ।

**ਮੁਗਲ ਪ੍ਰਸ਼ਾਸਨ ਦਾ ਰੋਲ** - ਅਕਬਰ ਦੀ ਮੌਤ ਤੋਂ ਬਾਅਦ ਦੇਸ਼ ਦੇ ਹਾਲਾਤ ਖਰਾਬ ਹੋ ਗਏ ਤਾਂ ਜਹਾਂਗੀਰ ਨੂੰ ਕਾਬਲ, ਕੰਧਾਰ ਵੱਲ ਜਾਣਾ ਪਿਆ। ਫਿਰ ਉਹ ਵਾਪਿਸੀ ਵੇਲੇ ਲਾਹੌਰ ਆਇਆ ਤਾਂ ਉਸ ਨੇ ਹੁਕਮ ਫਰਮਾਇਆ ਅਸੀਂ ਹੁਣ ਅੱਗੇ ਰਾਜਧਾਨੀ ਆਗਰਾ ਜਾਣਾ ਹੈ। ਮੁਲਕ ਵਿੱਚ ਜੋ ਵਸੂਲ ਹੋਣ ਜੋਗ ਉਗਰਾਹੀ ਬਾਕੀ ਹੈ ਤੁਰੰਤ ਉਗਰਾਹੀ ਜਾਵੇ। ਗੁਰੂ ਘਰ ਜਿੰਮੇ ਰਹਿੰਦੀ ਬਕਾਇਆ ਰਕਮ ਦਾ ਵੇਰਵਾ ਵੀ ਬਾਦਸ਼ਾਹ ਕੋਲ ਰੱਖ ਦਿੱਤਾ ਕਿ ਜੋ ਗੁਰੂ ਅਰਜਨ ਦੇਵ ਜੀ ਨੇ ਤਾਰਨੀ ਸੀ, ਉਹ ਅਜੇ ਅਦਾ ਕਰਨੀ ਬਾਕੀ ਹੈ। ਬਾਤਸ਼ਾਹ ਨੇ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਲਾਹੌਰ ਬੁਲਾ ਲਿਆ। ਗੁਰੂ ਜੀ ਹਾਜਰ ਹੋਏ ਤਾਂ ਉਨ੍ਹਾਂ ਦਾ ਜਾਹੋ-ਜਲਾਲ, ਸ਼ਾਹੀ ਲਿਬਾਸ, ਹੇਠ ਇਗਕੀ ਘੋੜਾ ਤੇ ਮਹਿੰਗੇ ਵਸਤਰ, ਸ਼ਸਤਰ ਵੇਖ ਕੇ ਮੁਗਲ ਦਰਬਾਰ ਦੇ ਹਾਕਮ ਸਾਰੇ ਹੱਕੇ-ਬੱਕੇ ਰਹਿ ਗਏ। ਬਾਦਸ਼ਾਹ ਖੁਦ ਵੀ ਗੁਰੂ ਜੀ ਦੀ ਇਸ ਕਦਰ ਸ਼ਾਨੋ-ਸ਼ੌਕਤ ਵੇਖ ਕੇ ਵੱਟ ਖਾ ਗਿਆ। ਜਦ ਗੁਰੂ ਜੀ ਨੂੰ ਰਕਮ ਦੇਣ ਲਈ ਕਹਿਆ ਤਾਂ ਗੁਰੂ ਜੀ ਨੇ ਰਕਮ ਦੇਣ ਤੋਂ ਜਵਾਬ ਦੇ ਦਿੱਤਾ। ਉਸ ਵੇਲੇ ਇਕ ਵੱਡੀ ਸਾਜਿਸ਼ ਤਹਿਤ ਬਾਦਸ਼ਾਹ ਅਗੇ ਅਰਜ਼ ਕੀਤੀ - ਬਾਦਸ਼ਾਹ ਸਲਾਮਤ ਸਾਰਾ ਮੁਲਕ ਆਪ ਦੀ ਬਾਦਸ਼ਾਹਿਤ ਦੇ ਅਧੀਨ ਹੈ।

ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਹੁਤ ਹੀ ਬਲੀ-ਬਲਵਾਨ ਹਨ। ਥੋੜੇ ਸਮੇਂ ਵਿੱਚ ਹੀ ਵੱਡੀ ਫੌਜੀ ਸ਼ਕਤੀ ਹਾਸਲ ਕਰ ਗਏ ਹਨ। ਬਹੁਤ ਮੁਰੀਦ ਇਨ੍ਹਾਂ ਦੇ ਦਰਸਨਾਂ ਲਈ ਆਉਂਦੇ ਹਨ। ਸਾਡੇ ਲਈ ਮੁਸੀਬੱਤ ਦਾ ਕਾਰਣ ਬਣ ਸਕਦੇ ਹਨ। ਇਸ ਲਈ ਇਨ੍ਹਾਂ ਨੂੰ ਰੋਕਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਜਹਾਂਗੀਰ ਨੇ ਸਭ ਗੱਲਾਂ ਗੁਰੂ ਜੀ ਦੇ ਵਿਰੁਧ ਸੁਣੀਆਂ, ਕੁਝ ਦਿਨਾਂ ਬਾਦ ਦਿੱਲੀ ਤੋਂ ਆਗਰੇ ਲਈ ਤਿਆਰੀ ਕਰ ਲਈ। ਗੁਰੂ ਜੀ ਨੂੰ ਵੀ ਬੇਨਤੀ ਕੀਤੀ। ਗੁਰੂ ਜੀ ਵੀ ਸਰਬ ਕਲਾ ਸਮਰਥ ਹਨ, ਅੰਤਰਜਾਮੀ ਹਨ, ਅਗੇ ਜਾ ਕੇ ਗੁਰੂ ਜੀ ਦੀਆਂ ਸੰਗਤਾਂ ਦਾ ਵੀ ਪਾਰ ਉਤਾਰਾ ਕਰਨ ਅਤੇ ਗੁਰਸਿੱਖਾਂ ਨੂੰ ਦਰਸਨ ਦੇ ਕੇ ਨਿਹਾਲ ਕਰਨ। ਗੁਰੂ ਜੀ ਦਿੱਲੀ ਤੋਂ ਬਾਦਸ਼ਾਹ ਨਾਲ ਆਗਰੇ ਪਹੁੰਚ

ਗਏ। ਸੰਗਤਾਂ ਗੁਰੂ ਜੀ ਦੇ ਦਰਸਨ-ਦਿਦਾਰੇ ਕਰਦੀਆਂ ਗੁਰੂ ਜੀ ਨੂੰ 'ਸੱਚਾ-ਪਾਤਸ਼ਾਹ' ਕਹਿ ਕੇ ਪੁਕਾਰਦੀਆਂ। ਬਾਦਸ਼ਾਹ ਗੁਰੂ ਜੀ ਦੀ ਉਪਮਾ ਵੇਖ ਕੇ ਮਨ ਹੀ ਮਨ ਦੁਖੀ ਹੁੰਦਾ। ਚੰਦੂ ਦੀਵਾਨ ਤੇ ਸ਼ੇਖ ਅਹਿਮਦ ਫਰੂਕੀ ਸਰਹਿੰਦੀ ਜੋ ਬਹੁਤ ਹੀ ਕੱਟੜ ਸੁੰਨੀ ਪ੍ਰਚਾਰਕ ਤੇ ਨਕਸ਼ਬੰਦੀ ਸਿਲਸਲੇ ਦਾ ਮੁਖੀ ਤੇ ਜਹਾਂਗੀਰ ਦੇ ਨੇੜੇ ਸੀ, ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿੱਚ ਭੇਜ ਦਿੱਤਾ ਸੀ, ਚੰਦੂ ਨੂੰ ਆਪਣਾ ਕੀਤਾ ਜ਼ੁਲਮ ਸਤਾ ਰਿਹਾ ਸੀ, ਬੜੀ ਚਿੰਤਾ ਵਿੱਚ ਸੀ।

ਆਗਰੇ ਦੇ ਕਿਲ੍ਹੇ ਵਿੱਚ ਜਹਾਂਗੀਰ ਨੇ ਹਿੰਦੂ ਰਾਜੇ ਜਿਹੜੇ ਕੈਦ ਕੀਤੇ ਹੋਏ ਸਨ, ਗੁਰੂ ਜੀ ਦੇ ਆਗਮਨ ਤੇ ਬੜੀ ਖੁਸ਼ੀ ਪ੍ਰਗਟ ਕੀਤੀ। ਗੁਰੂ ਜੀ ਦੇ ਦਰਸਨ ਕਰਕੇ ਨਿਹਾਲ ਹੋ ਗਏ ਸਨ। ਗੁਰੂ ਜੀ ਕਿਲ੍ਹੇ ਵਿੱਚ ਹਰ ਰੋਜ ਸਵੇਰੇ-ਸ਼ਾਮ ਸਤ-ਸੰਗਤ ਕਰਨ ਲਗ ਪਏ ਸਨ, ਗੁਰਬਾਣੀ ਪੜ੍ਹਨੀ ਅਤੇ ਕਥਾ ਵਗੈਰਾ ਗੁਰੂ ਕਰਦੇ ਸਨ ਅਤੇ ਅਧਿਆਤਮਕ ਰੂਹਾਨਿਅਤ ਦੀ ਜਿੰਦਗੀ ਦਾ ਸੱਚਾ ਉਪਦੇਸ਼ ਕਰਦੇ ਸਨ। ਗੁਰੂ ਜੀ ਨੂੰ ਮਿੱਥੇ ਸਮੇਂ ਅੰਦਰ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਅ ਨਾ ਕੀਤਾ ਗਿਆ ਤੇ ਗੁਰੂ ਸਾਹਿਬ ਦਾ ਵਿਛੋੜਾ ਦਿਨ-ਬ-ਦਿਨ ਮਹੀਨੀਆਂ ਬੱਧੀ ਬਹੁਤ ਹੀ ਲੰਮਾ ਹੁੰਦਾ ਗਿਆ ਤੇ ਗੁਰੂ ਸਾਹਿਬ ਜੀ ਦੀ ਰਿਹਾਈ ਬਾਰੇ ਬੇ-ਯਕੀਨੀ ਬਣਨ ਲੱਗੀ ਤਾਂ ਸਿੱਖਾਂ ਵਿੱਚ ਚਿੰਤਾ ਫੈਲ ਗਈ।

ਤਦ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਸੰਗਤਾਂ ਦੇ ਹੌਸਲੇ ਬੁਲੰਦ ਰੱਖਣ ਤੇ ਗੁਰੂ-ਘਰ ਜੋੜੀ ਰੱਖਣ ਦੇ ਇਰਾਦੇ ਨਾਲ ਚੌਂਕੀਆਂ ਦੀ ਮਰਯਾਦਾ ਚਲਾ ਦਿੱਤੀ। ਉਹ ਚੋਕੀਆਂ ਬਣਾ ਕੇ ਪੰਜਾਬ ਦੇ ਪਿੰਡ-ਪਿੰਡ ਵਿੱਚ ਜੱਥੇ ਭੇਜਦੇ। ਸਾਰਾ ਪ੍ਰਚਾਰ ਰਾਤ ਦੇ ਵਕਤ ਹੁੰਦਾ। ਫਿਰ ਇਨ੍ਹਾਂ ਚੋਕੀਆਂ ਦਾ ਪ੍ਰੋਗਰਾਮ ਜੱਥੇ ਦੇ ਰੂਪ ਵਿੱਚ ਸ਼ਹਿਰੋਂ-ਸ਼ਹਿਰ ਹੁੰਦਾ ਹੋਇਆ ਗਵਾਲੀਅਰ ਦੇ ਕਿਲ੍ਹੇ ਤਕ ਜਾਣ ਲੱਗਾ। ਸਿੱਖ ਕੀਰਤਨ ਕਰਦੇ ਹੋਏ ਗਵਾਲੀਅਰ ਦੇ ਕਿਲ੍ਹੇ ਤਕ ਪਹੁੰਚਦੇ। ਸੰਗਤਾਂ ਗੁਰੂ ਜੀ ਨੂੰ ਹਾਜਰ-ਨਾਜਰ ਸਮਝ ਕੇ ਕਿਲ੍ਹੇ ਨੂੰ ਮਥਾ ਨਿਵਾ ਕੇ ਵਾਪਿਸ ਆ ਜਾਂਦੀਆਂ ਸਨ। ਰੱਬ ਦੀ ਐਸੀ ਕਰਨੀ ਹੋਈ ਕਿ ਬਾਤਸ਼ਾਹ ਇਕ ਭਿਆਨਕ ਮਾਨਸਿਕ ਰੋਗ ਦਾ ਸ਼ਿਕਾਰ ਹੋ ਕੇ ਮੰਜੇ ਤੇ ਬਿਮਾਰ ਪੈ ਗਿਆ। ਜਹਾਂਗੀਰ ਦੀ ਬੇਗਮ ਨੂਰਜਹਾਂ ਜੋ ਰਾਜ-ਭਾਗ ਤੇ ਪੂਰੀ ਤਰ੍ਹਾਂ ਕਾਬਜ਼ ਹੋ ਗਈ ਸੀ, ਹਾਲਾਤ ਨੂੰ ਭਾਂਪਦਿਆ ਉਹ ਜਹਾਂਗੀਰ ਦੀ ਸਾਰੀ ਦੇਖਭਾਲ ਕਰਨ ਲੱਗੀ। ਹਕੀਮਾਂ ਨੇ ਅਨੇਕ ਉਪਾਵਾਂ ਦੇ ਯਤਨ ਕੀਤੇ, ਪਰ ਠੀਕ ਨਹੀਂ ਹੋਏ। ਨੂਰਜਹਾਂ ਸਾਈਂ-ਮੀਆਂ ਮੀਰ ਜੀ ਦੀ ਬਹੁਤ ਉਪਾਸ਼ਕ ਸੀ, ਸ਼ਰਧਾ ਰਖਦੀ ਸੀ। ਸਾਈਂ ਮੀਆਂ ਮੀਰ ਜੀ ਲਾਹੌਰ ਰਹਿੰਦੇ ਸਨ ਅਧਿਆਤਮਕ ਵਾਲੀ ਉੱਚੀ ਅਵਸਥਾ ਦੇ ਮਾਲਕ ਸਨ, ਲਾਹੌਰ ਤੋਂ ਦਿੱਲੀ ਪਹੁੰਚੇ। ਆਪ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਕਿਲ੍ਹੇ ਅੰਦਰ ਬਿਨਾ ਕਿਸੇ ਕਾਰਣ ਨਜਰਬੰਦ ਕਰਨ ਦੇ ਸਾਰੇ ਸਾਜਿਸ਼ੀ ਪਸਰਾ ਦਾ ਭਲੀਭਾਂਤ ਗਿਆਨ ਸੀ। ਅੰਮ੍ਰਿਤਸਰ ਦੀ ਹਰ ਘਟਨਾ ਬਾਰੇ ਉਨ੍ਹਾਂ ਨੂੰ ਖਬਰ-ਸਾਰ ਹਾਸਲ ਸੀ ਪਰ ਉਹ ਯੋਗ ਮੌਕੇ ਤੀ ਤਲਾਸ਼ ਵਿੱਚ ਸਨ। ਨੂਰਜਹਾਂ, ਜਹਾਂਗੀਰ ਨੂੰ ਪੀਰ ਪਾਸ ਲੈ ਆਈ ਜਿਸ ਨੂੰ ਮੰਨਦੀ ਸੀ। ਪੀਰ ਜੀ ਤੋਂ ਬਿਮਾਰੀ ਦਾ ਕਾਰਣ ਪੁੱਛਿਆ ਤਾਂ ਉਨ੍ਹਾਂ ਕਥਨ ਕੀਤਾ - ਇਹ ਬਿਮਾਰੀ ਕਿਸੇ ਗੁਰੂ ਨੂੰ ਦੁਖ ਦੇਣ ਕਰਕੇ ਹੈ। ਜਦ ਜਹਾਂਗੀਰ ਨੇ ਪੁਛਿਆ ਉਹ ਪੀਰ ਗੁਰੂ ਕੇਹੜਾ ਹੈ ਤਾਂ ਪੀਰ ਜੀ ਨੇ ਫਰਮਾਇਆ - ਸ੍ਰੀ ਗੁਰੂ ਹਰੋਗਬਿੰਦ ਸਾਹਿਬ ਜੋ ਮਕਬੂਰ ਨੂਰ-ਏ-ਈਲਾਹੀ ਹੈ। ਮੀਆਂ ਮੀਰ ਜੀ ਦੇ ਮੁੱਖੋਂ ਇਹ ਸ਼ਬਦ ਸੁਣ ਕੇ ਹੈਰਾਨ ਹੋ ਗਈ ਕਿ ਗੁਰੂ ਜੀ ਨੂੰ ਖੁਦਾ ਰੂਪ ਕਹਿ ਰਹੇ ਹਨ। ਮਨ ਤੇ ਗਹਿਰਾ ਅਸਰ ਹੋਇਆ ਉਸੇ ਵੇਲੇ ਹੀ ਜਹਾਂਗੀਰ ਨੂੰ ਗੁਰੂ ਜੀ ਦੀ ਰਿਹਾਈ ਬਾਰੇ ਕਿਹਾ। ਤਦ ਜਹਾਂਗੀਰ ਨੇ ਉਸੇ ਵੇਲੇ ਗੁਰੂ ਸਾਹਿਬ ਨੂੰ ਕਿਲ੍ਹੇ ਚੋਂ ਰਿਹਾਅ ਕਰਨ ਦੇ ਹੁਕਮ ਜਾਰੀ ਕਰ ਦਿੱਤੇ।

ਸਿੱਖ ਜਗਤ ਗੁਰੂ ਜੀ ਦੇ ਪਵਿਤ੍ਰ ਕਾਰਨਾਮਿਆਂ ਤੋਂ ਭਲੀ ਤਰ੍ਹਾਂ ਜਾਣੂ ਹਨ ਕਿ ਗੁਰੂ ਜੀ ਨੇ ਕਿਲ੍ਹੇ ਦੀ ਰਿਹਾਈ ਤੋਂ ਪਹਿਲਾਂ 51 ਕਲੀਆਂ ਵਾਲਾ ਚੋਲਾ ਬਣਵਾ ਲਿਆ ਸੀ, ਜਹਾਂਗੀਰ ਨੂੰ ਕਹਿਆ ਕਿ ਅਸੀਂ 52 ਹਿੰਦੂ ਰਾਜਪੂਤ ਰਾਜਿਆਂ ਨੂੰ ਰਿਹਾਅ ਕਰਾ ਕੇ ਬਾਹਰ ਆਵਾਂਗੇ, 51 ਰਾਜੇ 51 ਕਲੀਆਂ ਨੂੰ ਇਕ ਰਾਜਾ ਗੁਰੂ ਜੀ ਦੇ ਘੋੜੇ ਨੂੰ ਪਕੜ ਕੇ ਬਾਹਰ ਆਏ ਸਨ। ਸੱਚ ਹੈ "ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ" ਮਹਲਾ ਦੂਜਾ। ਉਨ੍ਹਾਂ ਰਾਜਿਆਂ ਦੇ ਸਬੰਧੀ ਤੇ ਮੰਤ੍ਰੀ ਗੁਰੂ ਜੀ ਦੀ ਚਰਨੀਂ ਆ ਲੱਗੇ ਤੇ ਸਿਰ ਧਰਕੇ ਗੁਰੂ ਜੀ ਦੀ ਕ੍ਰਿਪਾ ਦੇ ਪਾਤਰ ਬਣੇ ਅਤੇ ਵਜੀਰ ਖਾਂ ਗੁਰੂ ਜੀ ਨੂੰ ਬੜੇ ਅਦਬ-ਸਤਿਕਾਰ ਨਾਲ ਦਿੱਲੀ ਲੈ ਆਯਾ। ਜਹਾਂਗੀਰ ਨੇ ਗੁਰੂ ਜੀ ਤੋਂ ਮਾਫੀ ਮੰਗੀ ਤੇ ਬਾਅਦ 'ਚ ਮੁਲਾਕਾਤ ਹੋਈ।

ਰਾਜਿਆਂ ਦੇ ਛਡਾਉਣ ਕਰਕੇ ਗੁਰੂ ਸਾਹਿਬ ਜੀ ਦਾ ਜੱਸ ਸਾਰੇ ਦੇਸ਼ਾਂ ਵਿੱਚ ਪੁੰਨਯਾ ਦੇ ਚੰਦ ਵਾਂਗੂ ਪ੍ਰਕਾਸ਼ਤ ਹੋ ਗਿਆ ਤੇ ਦਿੱਲੀ ਸ਼ਹਿਰ ਦੇ ਲੋਗ ਕੀ ਸਿੱਖ ਕੀ ਮੁਸਲਮਾਨ ਸਭਨੇ ਦਰਸ਼ਨ ਕਰਕੇ ਆਪਣਾ ਜਨਮ ਸਫਲ ਕੀਤਾ।

# ਚੜ੍ਹਦੀ ਕਲਾ

*[ਪ੍ਰੋਫੈਸਰ ਹਰਬੰਸ ਸਿੰਘ ਜੀ ]*

ਚੜ੍ਹਦੀ ਕਲਾ ਹੈ ਖੇੜਾ, ਪਰਮ ਅਨੰਦ, ਅਡੋਲਤਾ, ਨਿਰਭੈਤਾ, ਆਪਣੀ ਧੁਨ ਦੀ ਨਿੱਗਰਤਾਂ, ਬੇ-ਫ਼ਿਕਰੀ, ਆਪਣੇ ਨਿਸ਼ਾਨੇ ਵਲ ਅਗਾਂਹ ਵਧਦੇ ਕਦਮ, ਉਤਰਾਅ-ਚੜ੍ਹਾ ਸਮੇਂ ਸਥਿਰਤਾ, ਅਗਾਂਹ ਵਲ ਤਾਂਘ, ਫਤਿਹ ਫਤਿਹ, ਆਪਣੇ ਆਪ ਨੂੰ ਹਾਰਿਆ ਹੋਇਆ ਨਾ ਸਮਝਣਾ, ਕੁਝ ਕਰ ਮਰਨ ਲਈ ਸਾਹਸ (ਹੌਂਸਲਾ) ਰੱਖਣਾ, ਤੰਗੀ ਤੁਰਸ਼ੀ ਵਿਚ, ਘਬਰਾਉਣਾ ਨਾ, ਸਗੋਂ ਬਲਵਾਨ ਤੋਂ ਬੇ-ਪ੍ਰਵਾਹ ਰਹਿਣਾ।

ਬੇਪ੍ਰਵਾਹ ਤੇ ਨਿਰਭੈ ਕੌਣ ਹੋ ਸਕਦਾ ਹੈ? ਜਿਸ ਦਾ ਸਾਈਂ ਨਿਰਭਉ ਹੋਵੇ, ਜਿਸ ਦੀ ਮਿੱਤਰਤਾ ਬੇਪ੍ਰਵਾਹ ਬੇਅੰਤ ਨਾਲ ਹੋਵੇ, ਜੋ ਡਾਢੇ ਦਾ ਪਿਆਰਾ ਹੋਵੇ -

*ਜਿਸ ਦਾ ਸਾਹਿਬ ਡਾਢਾ ਹੋਇ॥*
*ਤਿਸ ਨੂੰ ਮਾਰਿ ਨ ਸਾਕੈ ਕੋਇ॥ ਅੰਗ - ੮੪੨*

ਹਾਂ ਜੀ! 'ਤਿਸ ਨੂੰ ਮਾਰਿ ਨ ਸਾਕੈ ਕੋਇ' ਫਿਰ ਤਿਸਨੂੰ ਡਰ ਭੀ ਕਿਸਦਾ ਹੋਇ? ਉਹ ਬੇਖ਼ੌਫ਼ ਤੇ ਬੇਪ੍ਰਵਾਹ ਕਿਉਂ ਨਾ ਹੋਇ? ਜੋ ਬੇਪ੍ਰਵਾਹ ਹੋਇ ਤਾਂ ਉਸਦੀ ਚੜ੍ਹਦੀ ਕਲਾ ਕਿਉਂ ਨਾ ਹੋਇ? ਜੇ ਚੜ੍ਹਦੀ ਕਲਾ ਹੋਇ ਤਾਂ ਫਿਰ ਫਤਿਹ ਕਿਉਂ ਨਾ ਹੋਇ? ਫਤਿਹ ਹੋਇ ਤਾਂ ਕਿਸਦੀ ਹੋਇ? ਖਸਮ ਦੀ, ਪਰਵਦਗਾਰ ਦੀ, ਕਰਤਾ ਪੁਰਖ ਦੀ, ਰਾਜਨ ਕੇ ਰਾਜਾ ਅਕਾਲ ਪੁਰਖ ਦੀ, ਵਾਹਿਗੁਰੂ ਜੀ ਕੀ ਫਤਿਹ।

ਚੜ੍ਹਦੀ ਕਲਾ ਕਿਸ ਦੀ ਹੋਇ? ਜੋ ਡੋਲੇ ਨਾ, ਆਪਣੇ ਖਸਮ ਤੇ ਭਰੋਸਾ ਰੱਖੋ, ਉਸ ਦੇ ਭਾਣੇ ਵਿਚ ਰਹੇ, ਉਸ ਦੇ ਹੁਕਮਾਂ ਅੰਦਰ ਚੱਲੇ, ਹੁਕਮ ਰਜਾਈ ਰਹੇ, ਅਰਥਾਤ, ਰਾਜਕ ਵਾਹਿਗੁਰੂ ਦੀ ਰਜ਼ਾ ਵਿਚ ਰਹੇ ਉਸ ਦੇ ਹੁਕਮਾਂ ਦੀ ਤਾਮੀਲ ਕਰਦਾ ਹੋਇਆ ਉਸ ਦੀ ਸਿਫ਼ਤ ਸਲਾਹ, ਅਰਥਾਤ, ਕੀਰਤੀ ਕਰੇ, ਵਾਹੁ-ਵਾਹ ਦੇ ਖੇੜੇ ਵਿਚ ਰਹੇ, ਐਧਰ-ਓਧਰ, ਅੰਦਰ-ਬਾਹਰ, ਚਲਦਾ-ਫਿਰਦਾ, ਉਠਦਾ-ਬੈਠਦਾ 'ਵਾਹੁ ਵਾਹੁ' ਦੀ ਰੰਗਣ ਵਿਚ ਰੰਗਿਆ ਰਹੇ। ਵਾਹੁ ਵਾਹੁ ਦੇ ਖੇੜੇ ਵਿਚ ਰਹਿਣ ਵਾਲਾ ਕੌਣ ਹੋ ਸਕਦਾ ਹੈ?

*ੳ) ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਅ) ਸੁਖ ਸਨੇਹੁ ਅਰੁ ਭੈ ਨਹੀ ਜਾ ਕੈ,*
*ੲ) ਕੰਚਨ ਮਾਟੀ ਮਾਨੈ॥੧॥ਰਹਾਉ॥*
*ਸ) ਨਹ ਨਿੰਦਿਆ, ਨਹ ਉਸਤਤਿ ਜਾ ਕੈ,*
*ਹ) ਲੋਭ ਮੋਹੁ ਅਭਿਮਾਨਾ॥*
*ਕ) ਹਰਖ ਸੋਗ ਤੇ ਰਹੈ ਨਿਆਰਉ,*
*ਖ) ਨਾਹਿ ਮਾਨੁ ਅਪਮਾਨਾ॥੧॥*
*ਗ) ਆਸਾ ਮਨਸਾ ਸਗਲ ਤਿਆਗੈ, ਜਗ ਤੇ ਰਹੈ ਨਿਰਾਸਾ॥*
*ਘ) ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ, ਤਿਹ ਘਟਿ ਬ੍ਰਹਮ ਨਿਵਾਸਾ॥੨॥ ਅੰਗ - ੬੩੩*

ਹਾਂ ਜੀ! 'ਤਿਹ ਘਟਿ ਬ੍ਰਹਮ ਨਿਵਾਸਾ।'

*ਬਿਸਮੁ ਪੇਖੈ, ਬਿਸਮੁ ਸੁਣੀਐ, ਬਿਸਮਾਦੁ ਨਦਰੀ ਆਇਆ॥ ਅੰਗ - ੭੭੮*

ਬਿਸਮਾਦੁ ਨਦਰੀ ਆਇਆ, ਕਰਤਾ ਘਰਿ ਆਇਆ, ਦੂਤਹ ਦਹਨੁ ਭਇਆ, ਗੋਵਿੰਦੁ ਪ੍ਰਗਟਾਇਆ ਆਚਰਜ ਡੀਠਾ ਅਮਿਉ ਵੂਠਾ .. ਗ੍ਰਿਹਿ ਪ੍ਰਗਟੇ ਪ੍ਰਭ ਆਇ ਜੀਉ॥

ਹਮ ਘਰਿ ਸਾਜਨ ਆਏ ਅਨਦੋਂ ਅਨਦ ਘਣਾ, ...ਬਿਸਮਾਦੁ ਨਦਰੀ ਆਇਆ, ਹਉ ਲੋਟ ਪੋਟ ਹੋਇ ਪਈਆ... ਵਾਹੁ ਵਾਹੁ! ਵਾਹੁ ਵਾਹੁ ਵਾਹੁ-ਵਾਹੁ, ਵਾਹੁ-ਵਾਹੁ, ਵਾਹੁ-ਵਾਹੁ! ਵਾਹੁ ਵਾਹੁ, ਵਾਹੁ ਵਾਹ, ਵਾਹ ਵਾਹ!

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਿਸਮਾਦੁ ਨਦਰੀ ਆਇਆ। ਉਸ ਦੀਪਕ ਤੋਂ ਇਕ ਹੋਰ ਦੀਪਕ ਪ੍ਰਗਾਸਿਆ ਗਿਆ। ਭਾਈ ਲਹਿਣਾ ਜੀ ਦੇ ਘਟ (ਸ਼ਰੀਰ) ਅੰਦਰ ਜੋਤਿ ਜਗ ਉਠੀ, ਗੁਰੂ ਦੇ ਅੰਗ ਲੱਗਣ ਨਾਲ ਚੇਲੇ ਤੋਂ ਗੁਰੂ ਬਣ ਗਏ, ਗੁਰੂ ਅੰਗਦ ਦੇਵ ਬਣ ਗਏ। ਗੁਰੂ ਅੰਗਦ ਦੇਵ ਜੀ ਦੇ ਚਰਨੀਂ ਲੱਗਣ ਨਾਲ (ਗੁਰੂ) ਅਮਰ ਦਾਸ ਜੀ ਦੇ ਹਿਰਦੇ ਵਿਚ ਪ੍ਰਕਾਸ਼ ਹੋ ਗਿਆ। ਗੁਰੂ ਅਮਰ

ਦਾਸ ਜੀ ਤੋਂ ਰਾਮ ਦਾਸ ਜੀ ਅਤੇ ਅੱਗੋਂ ਅਰਜਨ ਦੇਵ ਜੀ ਦਾ ਹਿਰਦਾ ਲਟ ਲਟ ਕਰ ਉਠਿਆ। ਦਿਬ-ਜੋਤਿ ਦੇ ਦਰਸ਼ਨ ਕਰਦਿਆਂ ਹੀ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ ਵਿਚੋਂ ਇਉਂ ਬਚਨ ਨਿਕਲੇ-

ਮੈ ਪੇਖਿਓ ਰੀ ਊਚਾ ਮੋਹਨੁ, ਸਭ ਤੇ ਊਚਾ॥

ਹਾਂ ਜੀ, ਬਿਸਮਾਦੁ ਨਦਰੀ ਆਇਆ।

ਗੁਰੂ ਅਰਜਨ ਦੇਵ ਜੀ ਤੋਂ ਜੋਤਿ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਰਾਏ ਸਾਹਿਬ, ਗੁਰੂ ਹਰਿ ਕ੍ਰਿਸ਼ਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਤੋਂ ਹੁੰਦੀ ਹੋਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਆ ਕੇ ਪ੍ਰਗਟੀ, ਜਿਹੜੀ ਹੁਣ ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਹੈ।

ਇਹ ਜੋਤਿ ਤਪਦੇ ਹਿਰਦਿਆਂ ਨੂੰ ਠਾਰਦੀ ਰਹੀ ਹੈ, ਹੁਣ ਵੀ ਠਾਰ ਰਹੀ ਹੈ ਅਤੇ ਅੱਗੋਂ ਨੂੰ ਵੀ ਠਾਰਦੀ ਰਹੇਗੀ, ਅਰਥਾਤ, ਤਿੰਨੇ ਕਾਲਾਂ (ਭੂਤ, ਵਰਤਮਾਨ ਤੇ ਭਵਿੱਖ) ਵਿਚ ਅਖੰਡਾਕਾਰ ਹੈ।

ਇਹ ਜੋਤਿ ਜੀਅ-ਦਾਨ ਦਿੰਦੀ ਹੋਈ ਅਨੰਦ ਪ੍ਰਗਟਾਉਂਦੀ ਅਤੇ ਖੇੜਾ ਵਰਸਾਉਂਦੀ ਰਹੀ ਹੈ, ਨਿਰਭੈ ਬਣਾਉਂਦੀ ਅਤੇ ਚੜ੍ਹਦੀ ਕਲਾ ਵਿਚ ਰੱਖਦੀ ਰਹੀ ਹੈ ਆਪਣੇ ਪਿਆਰਿਆਂ ਨੂੰ, ਗੁਰੂ ਦੁਲਾਰਿਆਂ ਨੂੰ ਜਿਹੜੇ ਗੁਰੂ ਦੇ ਹੋ ਚੁੱਕਦੇ ਹਨ, ਆਪਣਾ ਤਨ, ਮਨ, ਧਨ ਗੁਰੂ ਨੂੰ ਅਰਪ ਕਰ ਕੇ ਗੁਰੂ ਦਾ ਪੱਲਾ ਫੜ ਲੈਂਦੇ ਹਨ, ਆਪਣਾ ਸੀਸ ਗੁਰੂ ਨੂੰ ਭੇਟ ਕਰ ਦਿੰਦੇ ਹਨ, ਜਿਹੜੇ ਮੈਂ-ਮੈਂ ਛੱਡ ਕੇ ਤੂੰ-ਤੂੰ, ਤੂੰਹੀ ਤੂੰ, ਤੇਰਾ-ਤੇਰਾ, ਕਰਨ ਲੱਗ ਜਾਂਦੇ ਹਨ।

ਨਿਰਭਉ ਨੂੰ ਜਪਣ ਵਾਲਿਆਂ ਦੇ ਸਗਲ ਭਉ, ਅਰਥਾਤ, ਸਾਰੇ ਡਰ ਮਿਟ ਗਏ, ਬੇਪ੍ਰਵਾਹ ਹੋ ਗਏ, ਕਿਲਵਿਖ ਨਸ ਗਏ, ਅਟਕਾਅ ਦੂਰ ਹੋ ਗਏ, ਵੈਰੀ, ਮਿੱਤਰ ਬਣ ਗਏ, ਜੀਵਨ-ਰੌ ਬੇਰੋਕ ਹੋ ਗਈ, ਚੜਦੀ ਕਲਾ ਵਿਚ ਵਿਚਰਨ ਲੱਗ ਪਏ।

ਪਿਤਾ ਗੁਰੂ ਤੇਗ ਬਹਾਦਰ ਜੀ ਚਾਂਦਨੀ ਚੌਕ, ਦਿੱਲੀ ਵਿਖੇ ਸ਼ਹੀਦ ਹੋ ਗਏ। ਵਾਹੁ ਵਾਹੁ ਦੀ ਰੰਗਣ ਵਿਚ ਰੱਤੇ ਬਾਲਕ ਗੋਬਿੰਦ ਰਾਏ ਜੀ ਅਡੋਲ ਰਹੇ। ਜ਼ੁਲਮ ਦਾ ਟਾਕਰਾ ਕਰਨ ਵਾਸਤੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਅਕਾਲੀ ਫ਼ੌਜ ਖੜੀ ਕੀਤੀ, ਖਾਲਸਾ ਪ੍ਰਗਟ ਹੋਇ ਆਇਆ, ਵਾਹਿਗੁਰੂ ਜੀ ਕਾ ਖਾਲਸਾ। ਆਪ ਅੰਮ੍ਰਿਤ ਛਕਿਆ, ਹੋਰਨਾਂ ਨੂੰ ਛਕਾਇਆ, ਆਪ ਸਿੰਘ ਸਜ ਕੇ ਗੋਬਿੰਦ ਸਿੰਘ ਕਹਿਲਵਾਏ, ਹੋਰਨਾਂ ਨੂੰ ਸਿੰਘ ਸਜਾਇਆ, ਪਿਛਲੇ ਜਾਤ ਗੋਤ ਖ਼ਤਮ ਕੀਤੇ, ਊਚ ਨੀਚ ਦਾ ਭੇਦ ਮਿਟਾ ਕੇ, ਸਭ ਨੂੰ ਇਕ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਇਕ ਪਾਲ ਵਿਚ ਖੜਾ ਕਰ ਕੇ ਖਾਲਸਾ ਸਜਾਇਆ। ਖਾਲਸਾ ਫ਼ੌਜ ਖੜੀ ਕੀਤੀ, ਘੋੜੇ ਰੱਖੇ, ਬਾਜ ਰੱਖੇ, ਕਲਗੀ ਲਾਈ, ਸ਼ਸਤਰ ਸਜਾਏ, ਰਣਜੀਤ ਨਗਾਰੇ ਦੀਆਂ ਧੁੰਮਾਂ ਪਾਈਆਂ, ਜਰਵਾਣਿਆ ਨਾਲ ਲੋਹਾ ਲਿਆ, ਚੜਦੀ ਕਲਾ ਵਾਲੀ ਸ਼ਾਨ ਵਿਖਾਈ। ਲੋਕਾਂ ਦੇ ਪਾਤਸ਼ਾਹ, ਸਿੰਘਾਂ ਦਾ ਸੱਚਾ ਪਾਤਸ਼ਾਹ; ਲੋਕਾਂ ਦੇ ਝੰਡੇ, ਸਿੰਘਾਂ ਦਾ ਨਿਸ਼ਾਨ ਸਾਹਿਬ, ਲੋਕੀਂ ਮੂਰਤੀਆਂ, ਸਿੰਘ ਸਵਾ ਲੱਖ ਖਾਲਸਾ; ਲੋਕੀਂ ਗਰੀਬ ਦਾਸ ਤੇ ਕਮਰ ਦੀਨ, ਗੁਰੂ ਕਾ ਸਿੰਘ ਬਘੇਲ ਸਿੰਘ, ਗੜ੍ਹ ਤੋੜ ਸਿੰਘ। ਇਹ ਸੀ ਚੜ੍ਹਦੀ ਕਲਾ ਦਾ ਪ੍ਰਤੱਖ ਪ੍ਰਗਟਾਵਾ।

ਅਨੰਦਪੁਰ ਸਾਹਿਬ ਦੇ ਕਿਲ੍ਹੇ ਦੁਆਲੇ ਮੁਗ਼ਲ ਫ਼ੌਜਾਂ ਨੇ ਘੇਰਾ ਪਾ ਲਿਆ, ਰਾਸ਼ਨ ਮੁੱਕ ਗਿਆ, ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ, ਭਾਈ ਬਚਿੱਤਰ ਸਿੰਘ ਨੂੰ ਮਸਤ ਹਾਥੀ ਨਾਲ ਟੱਕਰ ਲੈਣ ਵਾਸਤੇ ਹੁਕਮ ਹੁੰਦਾ ਹੈ। ਭਾਈ ਬਚਿੱਤਰ ਸਿੰਘ ਹਾਥੀਤ ਵਿਚ ਨਾਗਣੀ (ਬਰਛਾ) ਲੈ ਕੇ ਇਕੱਲਾ ਹੀ ਹਾਥੀ ਉੱਤੇ ਟੁੱਟ ਪੈਂਦਾ ਹੈ, ਹਾਥੀ ਦੇ ਮੱਥੇ ਵਿਚ ਨਾਗਣੀ ਦੇ ਖੁੱਭਣ ਨਾਲ ਖ਼ੂਨ ਦਾ ਸੋਮਾ ਫੁੱਟ ਪੈਂਦਾ ਹੈ ਅਤੇ ਹਾਥੀ ਚਾਂਘਰਾਂ ਮਾਰਦਾ ਪਿੱਛੇ ਨੂੰ ਭੱਜ ਪੈਂਦਾ ਹੈ, ਮੁਗ਼ਲ ਫ਼ੌਜਾਂ ਵਿਚ ਖਲਬਲੀ ਮਚ ਜਾਂਦੀ ਹੈ। ਨਿਰਭਉ ਨੂੰ ਜਪਣ ਵਾਲਾ, ਪਰ ਦੇਖਣ ਨੂੰ ਮਾੜਚੂ ਜਿਹਾ ਬਚਿੱਤਰ ਸਿੰਘ ਦੁਸ਼ਮਣ ਦੀਆਂ ਫ਼ੌਜਾਂ ਨੂੰ ਭਾਜੜਾਂ ਪਾ ਦਿੰਦਾ ਹੈ। ਇਹ ਸੀ 'ਸਵਾ ਲਾਖ ਸੇ ਏਕ ਲੜਾਊਂ' ਅਤੇ ਚੜ੍ਹਦੀ ਕਲਾ ਦਾ ਪ੍ਰਤੱਖ ਦ੍ਰਿਸ਼।

ਸਰਸਾ ਨਦੀ ਪਾਰ ਕਰਦਿਆਂ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਤਾਂ ਵਿਛੜ ਜਾਂਦੇ ਹਨ, ਲੱਖਾਂ ਮੁਗ਼ਲ ਫ਼ੌਜਾਂ ਪਿੱਛਾ ਫਰਦੀਆਂ ਵਹੀਰ ਨੂੰ ਆਣ ਘੇਰਦੀਆਂ ਹਨ, ਪਰ ਮੁੱਠੀ ਭਰ ਸਿੰਘਾਂ ਸਮੇਤ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਵਿਚ ਡੇਰਾ ਜਮਾ ਕੇ ਦੁਸ਼ਮਣ ਦਾ ਟਾਕਰਾ ਕਰਨ ਲੱਗ ਪੈਂਦੇ ਹਨ। ਇਹ ਸੀ ਚੜ੍ਹਦੀ ਕਲਾ ਦੀ ਹੋਂਦ।

ਵੱਡੇ ਸਾਹਿਬਜ਼ਾਦੇ ਚਮਕੌਰ ਦੀ ਲੜਾਈ ਵਿਚ ਸ਼ਹੀਦ ਹੋ ਜਾਂਦੇ ਹਨ, ਛੋਟੇ ਸਾਹਿਬਜ਼ਾਦੇ ਸਰਹੰਦ ਦੀਆਂ ਨੀਹਾਂ ਵਿਚ ਜੀਉਂਦੇ ਹੀ ਚਿਣੇ ਜਾਂਦੇ ਹਨ, ਮਾਤਾ ਜੀ ਅਤੇ ਹੋਰ ਬੇਅੰਤ ਸਿੰਘ ਸ਼ਹੀਦੀਆਂ ਪਾ ਜਾਂਦੇ ਹਨ, ਗੁਰੂ ਜੀ ਅਕਾਲ ਪੁਰਖ ਦੇ ਭਾਣੇ ਅੰਦਰ ਅਡੋਲ ਰਹਿੰਦੇ ਹਨ, ਖਾਲਸੇ ਦੇ ਹੁਕਮ ਨੂੰ ਸਿਰ ਮੱਥੇ ਤੇ ਮੰਨਦੇ ਹੋਏ ਚਮਕੌਰ ਦੀ ਗੜ੍ਹੀ ਵਿਚੋਂ ਨਿਕਲਣ ਲਈ ਤਿਆਰ ਹੋ ਜਾਂਦੇ ਹਨ ਅਤੇ ਆਪੇ

ਗੁਰ, ਆਪੇ ਚੇਲਾ ਦਾ ਸਬੂਤ ਪੇਸ਼ ਕਰਦੇ ਹਨ। ਗੜ੍ਹੀ ਵਿਚੋਂ ਨਿਕਲਣ ਸਮੇਂ ਸੂਰਬੀਰਤਾ ਨੂੰ ਪ੍ਰਗਟਾਉਂਦੇ ਹੋਏ ਤਾੜੀ ਮਾਰ ਕੇ ਅਤੇ ਦੁਸ਼ਮਣ ਨੂੰ ਲਲਕਾਰ ਕੇ ਜਾਂਦੇ ਹਨ। ਇਹ ਸੀ ਚੜ੍ਹਦੀ ਕਲਾ ਦੀ ਮੂੰਹ ਬੋਲਦੀ ਤਸਵੀਰ।

ਬੇਅੰਤ ਸਿੰਘ ਸਿੰਘਣੀਆਂ ਸ਼ਹੀਦ ਹੋ ਜਾਂਦੇ ਹਨ। ਗੁਰੂ ਜੀ ਨੰਗੇ ਪੈਰੀਂ, ਪਾਟੇ ਕੱਪੜੀਂ ਮਾਛੀਵਾੜੇ ਦੇ ਜੰਗਲਾਂ ਵਿਚ ਸੁੱਤੇ ਪਏ ਹਨ, ਚੇਹਰੇ ਤੇ ਨੂਰ ਉਸੇ ਤਰ੍ਹਾਂ ਚਮਕ ਰਿਹਾ ਹੈ ਜਿਵੇਂ ਅਨੰਦਪੁਰ ਸਾਹਿਬ ਤਖ਼ਤ ਤੇ ਬੈਠਿਆਂ, ਕੋਈ ਗ਼ਮ ਨਹੀਂ। 'ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ' ਦੀ ਪ੍ਰਤੱਖ ਤਸਵੀਰ, ਚੜ੍ਹਦੀ ਕਲਾ ਦਾ ਸਬੂਤ।

ਪਿਤਾ ਸ਼ਹੀਦ ਹੋ ਗਿਆ, ਮਾਤਾ ਸ਼ਹੀਦ ਹੋ ਗਈ, ਬੱਚੇ ਸ਼ਹੀਦ ਹੋ ਗਏ, ਆਪਣੀ ਜਾਨ ਨਾਲੋਂ ਵੀ ਵੱਧ ਪਿਆਰੇ ਦੁਲਾਰੇ ਸਿੰਘ ਸ਼ਹੀਦ ਹੋ ਗਏ, ਅਨੰਦਪੁਰ ਸਾਹਿਬ ਛੱਡ ਆਏ, ਡੋਲੇ ਨਹੀਂ, ਪੂਰਨ ਪੁਰਖ ਉਸੇ ਤਰ੍ਹਾਂ ਹੀ ਚੜ੍ਹਦੀ ਕਲਾ ਵਿਚ ਰਹੇ। ਦਿੱਲੀ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਫ਼ਤਿਹ ਦੇ ਖ਼ਤ (ਜਫ਼ਰਨਾਮਾ) ਵਿਚ ਲਿਖਦੇ ਹਨ ਕਿ ਕੀ ਹੋਇਆ ਜੋ ਮੇਰੇ ਚਾਰ ਪੁੱਤਰ ਸ਼ਹੀਦ ਹੋ ਗਏ ਹਨ? ਹਾਲੇ ਕੁੰਡਲਾਂ ਵਾਲਾ ਫ਼ਨੀਅਰ ਸੱਪ (ਭਾਵ, ਖ਼ਾਲਸਾ) ਜੀਉਂਦਾ ਹੈ। ਇਹ ਸੀ ਚੜ੍ਹਦੀ ਕਲਾ ਦੀ ਵੰਗਾਰ।

ਵੱਡੇ ਘੱਲੂਘਾਰੇ ਵਿਚ ਇਕ ਹੀ ਦਿਨ ਤੀਹ ਹਜ਼ਾਰ ਤੋਂ ਵੱਧ ਸਿੰਘ ਸਿੰਘਣੀਆਂ ਤੇ ਬੱਚੇ ਸ਼ਹੀਦ ਹੋ ਜਾਂਦੇ ਹਨ। ਸੂਰਜ ਡੁੱਬਣ ਤੇ ਆਪੋ ਆਪਣੇ ਸ਼ਹੀਦਾਂ ਦੀ ਪੜਤਾਲ ਕੀਤੀ ਜਾਂਦੀ ਹੈ, ਇਕ ਬਜ਼ੁਰਗ ਟਿੱਬੇ ਤੇ ਚੜ੍ਹ ਕੇ ਉਛਲਦਾ ਹੋਇਆ ਕਹਿੰਦਾ ਹੈ ਕਿ ਦੁੱਖ ਦੀ ਭੱਠੀ ਵਿਚੋਂ ਖਾਲਸਾ ਕੁੰਦਨ ਹੋ ਕੇ ਨਿਕਲੇਗਾ। ਇਹ ਸੀ ਚੜ੍ਹਦੀ ਕਲਾ ਦਾ ਅਟੁੱਟ ਵਿਸ਼ਵਾਸ।

ਮੀਰ ਮੰਨੂੰ ਨੇ ਸਿੱਖਾਂ ਦਾ ਕਤਲੇ-ਆਮ ਸ਼ੁਰੂ ਕਰ ਦਿੱਤਾ, ਪਰ ਅਕਾਲ ਪੁਰਖ ਦੇ ਭਾਣੇ ਵਿਚ ਰਹਿੰਦੇ ਹੋਏ ਸਿੰਘ ਇਉਂ ਗਾਉਂਦੇ ਰਹੇ -

ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।

ਜਿਉਂ ਜਿਉਂ ਮੰਨੂੰ ਵੱਢਦਾ, ਅਸੀਂ ਦੂਣੇ ਚੌਣੇ ਹੋਏ।

ਇਹ ਸੀ ਚੜ੍ਹਦੀ ਕਲਾ ਦਾ ਪ੍ਰਗਟਾਵਾ। ਦੋਵੇਂ ਛੋਟੇ ਸਾਹਿਬਜ਼ਾਦੇ ਨੀਹਾਂ ਵਿਚ ਚਿਣੇ ਜਾ ਰਹੇ ਹਨ, ਦੀਵਾਰ ਗੋਡਿਆਂ ਤੀਕ ਆਉਂਦੀ ਹੈ, ਗੋਡਾ ਅੜਨ ਕਾਰਨ ਦੀਵਾਰ ਨੂੰ ਵਿੰਗੀ ਹੋਣ ਤੋਂ ਬਚਾਉਣ ਲਈ ਰਾਜ ਮਿਸਤ੍ਰੀ ਇਟੱ ਨੂੰ ਭੰਨਣ ਲਗਦਾ ਹੈ, ਪਰ ਜ਼ਾਲਮ ਹਾਕਮ ਵਲੋਂ ਇੱਟ ਨੂੰ ਘੜਨ ਦੀ ਥਾਂ ਮਾਸੂਮ ਬੱਚਿਆਂ ਦੇ ਗੋਡਿਆਂ ਦੀਆਂ ਚੱਪਣੀਆਂ ਉਤਾਰ ਦੇਣ ਦਾ ਹੁਕਮ ਹੁੰਦਾ ਹੈ। ਸ਼ੇਰ ਬੱਚੇ ਡੋਲਦੇ ਨਹੀਂ, ਘਬਰਾਉਂਦੇ ਨਹੀਂ, ਅਡੋਲ ਰਹਿ ਕੇ ਧਰਮ ਤੋਂ ਕਾਇਮ ਰਹਿੰਦੇ ਹਨ, ਜ਼ੁਲਮ ਨੂੰ ਖਿੜੇ ਮੱਥੇ ਸਹਾਰਦੇ ਹਨ, ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਈ ਜਾਂਦੇ ਹਨ।

ਭਾਈ ਮਤੀ ਦਾਸ ਨੂੰ ਲੱਕੜ ਵਾਂਗ ਆਰੇ ਨਾਲ ਚੀਰਿਆ ਜਾ ਰਿਹਾ ਹੈ, ਭਾਈ ਤਾਰੂ ਸਿੰਘ ਦੀ ਰੰਬੀ ਨਾਲ ਖੋਪਰੀ ਉਤਾਰੀ ਜਾ ਰਹੀ ਹੈ, ਭਾਈ ਮਨੀ ਸਿੰਘ ਦਾ ਬੰਦ ਬੰਦ ਕੱਟਿਆ ਜਾ ਰਿਹਾ ਹੈ, ਸਿੰਘਾਂ ਨੂੰ ਚਰਖੜੀਆਂ ਤੇ ਚਾੜ੍ਹਿਆ ਜਾ ਰਿਹਾ ਹੈ, ਮਾਸੂਮ ਬੱਚਿਆਂ ਦੇ ਟੋਟੇ ਕਰ ਕੇ ਮਾਵਾਂ ਦੀਆਂ ਝੋਲੀਆਂ ਵਿਚ ਪਾਏ ਜਾ ਰਹੇ ਹਨ ਅਤੇ ਬੱਚਿਆਂ ਦੀਆਂ ਆਂਦਰਾਂ ਦੇ ਹਾਰ ਮਾਵਾਂ ਦੇ ਗਲਾਂ ਵਿਚ ਪਾਏ ਜਾ ਰਹੇ ਹਨ, ਸਿੰਘਾਂ ਦੇ ਸਿਰ ਕੱਟ ਕੇ ਨੇਜਿਆਂ ਉੱਤੇ ਟੰਗੇ ਜਾ ਰਹੇ ਹਨ, ਗੁਰੂ ਪਿਆਰੇ ਡੋਲਦੇ ਨਹੀਂ, ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਂਦੇ ਹਨ ਅਤੇ ਅੰਤ ਸਮੇਂ ਤਕ ਚੜ੍ਹਦੀ ਕਲਾ ਵਿਚ ਰਹਿੰਦੇ ਹਨ।

ਘਰ ਘਾਟ ਕੋਈ ਨਹੀਂ ਰਿਹਾ, ਬਹੁਤੀ ਦੇਰ ਲੰਗਰ ਮਸਤ ਰਹਿੰਦਾ ਹੈ, ਆਏ ਦਿਨ ਜ਼ਾਲਮਾਂ ਨਾਲ ਲੋਹਾ ਲੈਣਾ ਪੈਂਦਾ ਹੈ। ਹਿੰਦੁਸਤਾਨ ਤੋਂ ਲੁੱਟ ਦਾ ਮਾਲ ਗਜ਼ਨੀ ਨੂੰ ਲਿਜਾਂਦੇ ਹੋਏ ਅਹਿਮਦਸ਼ਾਹ ਅਬਦਾਲੀ ਦੀਆਂ ਫ਼ੌਜਾਂ ਤੇ ਜਾ ਧਾਵਾ ਬੋਲਦੇ ਹਨ, ਕਾਬਲ ਦੀ ਸਰਹੱਦ ਤੱਕ ਪਹੁੰਚਦੇ-ਪਹੁੰਚਦੇ ਸਾਰਾ ਭਾਰ ਹੌਲਾ ਕਰ ਦਿੰਦੇ ਹਨ। ਜਿਸ ਅਬਦਾਲੀ ਦੇ ਅੱਗੇ ਸਾਰਾ ਭਾਰਤ ਮਿਆਉਂ ਮਿਆਉਂ ਕਰਦਾ ਰਿਹਾ, ਗੁਰੂ ਦੇ ਬਹਾਦਰ ਸਿੰਘ ਉਸ ਦਾ ਨੱਕ ਵਿਚ ਦਮ ਕਰਦੇ ਰਹੇ ਅਤੇ ਆਪਣੀ ਚੜ੍ਹਦੀ ਕਲਾ ਦਾ ਪ੍ਰਤੱਖ ਸਬੂਤ ਦਿੰਦੇ ਰਹੇ।

ਚੜ੍ਹਦੀ ਕਲਾ ਨੂੰ ਬਰਕਰਾਰ ਰੱਖਣ ਲਈ ਅਤੇ ਨਵੀਂ ਪਨੀਰੀ ਨੂੰ ਚੜ੍ਹਦੀ ਕਲਾ ਲਈ ਉਤਸ਼ਾਹਤ ਕਰਨ ਲਈ ਗੁਰੂ ਕੇ ਸਿੰਘਾਂ ਦੇ ਬੋਲੇ ਭੀ ਚੜ੍ਹਦੀ ਕਲਾ ਵਾਲੇ ਹੀ ਬਣ ਗਏ। ਸਿੰਘਾਂ ਦੇ ਮੁੱਖ ਵਿਚੋਂ ਨਿਕਲਦਾ ਹਰ ਸ਼ਬਦ ਵਿਲੱਖਣ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਬਣ ਗਿਆ। ਉਹ ਨਾਅਰੇ ਨੂੰ ਜੈਕਾਰਾ, ਡੰਡੇ ਨੂੰ ਸਲੋਤਰਾ, ਦੁੱਧ ਨੂੰ ਸਮੁੰਦਰ, ਸਾਗ ਨੂੰ ਸਬਜ਼ੀ ਪਲਾਓ, ਰੋਟੀ ਨੂੰ ਪਰਸ਼ਾਦਾ, ਛੋਲਿਆਂ ਨੂੰ ਬਦਾਮ, ਕੜਾਹ ਨੂੰ ਮਹਾਂ ਪ੍ਰਸ਼ਾਦ, ਪਗੜੀ ਨੂੰ ਦਸਤਾਰ, ਕਿਰਪਾਨ ਨੂੰ ਜਿਗੋ ਸਾਹਿਬ, ਟਕੂਏ ਨੂੰ ਸਫਾਜੰਗ, ਮੁੰਡੇ ਨੂੰ ਭੁਝੰਗੀ, ਕੁੜੀ ਨੂੰ ਭੁਝੰਗਣ, ਇਸਤ੍ਰੀ ਨੂੰ ਸਿੰਘਣੀ, ਮਰਦ ਨੂੰ ਸਿੰਘ (ਸ਼ੇਰ), ਅੰਨ੍ਹੇ ਨੂੰ ਸੂਰਮਾ, ਕਾਣੇ ਨੂੰ ਲਖਨੇਤਰਾ, ਲੰਗੜੇ ਨੂੰ

***(ਬਾਕੀ ਪੰਨਾ 6 'ਤੇ)***

# ਖਾਲਸਾ ਜੀ ਦਾ ਨਿਰਾਲਾਪਣ

(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਸਿੰਘਾਂ ਦਾ ਪੰਥ ਨਿਰਾਲਾ,
ਖਾਲਸਈ ਸਿੰਘਤ-ਅੰਸ ਨਿਰਾਲਾ,
ਖਾਲਸਾ ਜੀ ਦਾ ਬੰਸ ਨਿਰਾਲਾ,
ਖਾਲਸਾ ਜੀ ਦੀ ਕੌਮੀਅੰਤ ਨਿਲੱਖਣ,
ਖਾਲਸਾ ਜੀ ਦੀ ਪੰਥੋਮੀਅਤ ਬਿਚੱਖਣ,
ਖਾਲਸਾ ਜੀ ਦਾ ਤੇਜ ਨਿਰਾਲਾ,
ਖਾਲਸਾ ਜੀ ਦਾ ਜੋਤਿ-ਰੂਪੇਜ ਨਿਰਾਲਾ,
ਖਾਲਸਾ ਜੀ ਦਾ ਵੇਸ ਨਿਰਾਲਾ,
ਭੇਸ ਨਿਰਾਲਾ, ਆਵੇਸ ਆਦੇਸ ਨਿਰਾਲਾ,
ਖਾਲਸਾ ਜੀ ਦਾ ਬੋਲ-ਬੋਲਾ,
ਖਾਲਸਾ ਜੀ ਦਾ ਜੈਜੈਕਾਰ ਖਾਲਸਾਲਾ,
ਖਾਲਸਾ ਜੀ ਦਾ ਖਾਲਸੱਤ ਨਿਰਾਲਾ,
ਖਾਲਸਾ ਜੀ ਦਾ ਤੇਜ-ਤੱਤ ਨਿਰਾਲਾ,
ਖਾਲਸਾ ਜੀ ਦਾ ਸ਼ਾਂਤ-ਬੀਰੱਤ ਨਿਰਾਲਾ,
ਖਾਲਸਾ ਜੀ ਦਾ ਤੱਤ-ਔਜੱਤ-ਜੋਸ਼ ਨਿਰਾਲਾ,
ਖਾਲਸਾ ਜੀ ਦਾ ਹੁਸ਼ਿਆਰ-ਮਸਤਹੋਸ਼ ਨਿਰਾਲਾ,
ਖਾਲਸਾ ਜੀ ਦਾ ਖਸਮੱਤ ਨਿਰਾਲਾ,
ਖਾਲਸਾ ਜੀ ਦਾ ਗੰਭੀਰੱਤ ਨਿਰਾਲਾ,
ਖਾਲਸਾ ਜੀ ਦਾ ਚੇਹਰੱਤ ਨਿਰਾਲਾ,
ਖਾਲਸਾ ਜੀ ਦਾ ਨੂਰੱਤ ਨਿਰਾਲਾ,
ਖਾਲਸਾ ਜੀ ਦਾ ਜਲਾਲ ਨਿਰਾਲਾ,
ਖਾਲਸਾ ਜੀ ਦਾ ਸੂਰੱਤ ਨਿਰਾਲਾ,
ਖਾਲਸਾ ਜੀ ਦਾ ਹਸ਼ਮਤ-ਜਾਹੋ-ਜਬ੍ਹਾ ਨਿਰਾਲਾ,
ਖਾਲਸਾ ਜੀ ਦਾ ਪਰਤਵਾ ਨਿਰਾਲਾ,
ਖਾਲਸਾ ਜੀ ਦਾ ਸ਼ਖਸੀਅਤ ਨਿਰਾਲਾ,
ਖਾਲਸਾ ਜੀ ਦਾ ਦਬਦਬਾ ਨਿਰਾਲਾ,
ਖਾਲਸਾ ਜੀ ਦੀ ਆਨ ਸ਼ਾਨ ਨਿਰਾਲੀ,
ਖਾਲਸਾ ਜੀ ਦਾ ਰਸਬੀਰ-ਧੀਰ ਨਿਰਾਲੀ,
ਖਾਲਸਾ ਜੀ ਦੀ ਸ਼ਾਂਤ-ਮਤੀਤ ਨਿਰਾਲੀ,
ਖਾਲਸਾ ਜੀ ਦਾ ਉੱਚ-ਮਤਾ ਨਿਰਾਲਾ,
ਖਾਲਸਾ ਜੀ ਦਾ ਮਰਣ-ਗਤਾ ਨਿਰਾਲਾ,
ਖਾਲਸਾ ਜੀ ਦੀ ਮੌਜ-ਮਸਤੌਜ ਨਿਰਾਲੀ,
ਖਾਲਸਾ ਜੀ ਦੀ ਔਤਮ-ਔਜ ਨਿਰਾਲੀ,
ਖਾਲਸਾ ਜੀ ਦਾ ਜੈਕਾਰਾ ਗੱਜ-ਗਜਾਲਾ
ਖਾਲਸਾ ਜੀ ਦਾ ਜਿਗਰਾ ਜੱਗ-ਜੱਗਾਲਾ,
ਖਾਲਸਾ ਜੀ ਦਾ ਮਸਤਕ ਦੱਗ-ਦਗਾਲਾ,
ਖਾਲਸਾ ਜੀ ਦਾ ਰਵਾ ਚੜ੍ਹਦੀ ਕਲਾ ਵਾਲਾ,
ਖਾਲਸਾ ਜੀ ਦਾ ਚਿਹਨ-ਚੱਕਰ ਨਿਰਾਲਾ,
ਖਾਲਸਾ ਜੀ ਦਾ ਬਿਜੈ ਨਿਸ਼ਾਨ ਨਿਰਾਲਾ,
ਖਾਲਸਾ ਜੀ ਦਾ ਅਕਾਲ-ਜਜ਼ਬਾ ਨਿਰਾਲਾ,
ਖਾਲਸਾ ਜੀ ਦਾ ਅਕਾਲੀ ਨਾਅਰਾ ਨਿਰਾਲਾ,
ਖਾਲਸਾ ਜੀ ਦੀ ਗੁਫ਼ਤਾਰ ਰਫ਼ਤਾਰ ਨਿਰਾਲੀ,
ਖਾਲਸਾ ਜੀ ਦੀ ਚਾਲ ਢਾਲ ਨਿਰਾਲੀ,
ਖਾਲਸਾ ਜੀ ਦਾ ਤੌਰ ਨਿਰਾਲਾ ਤੇ ਜ਼ੋਰ ਨਿਰਾਲਾ,
ਖਾਲਸਾ ਜੀ ਦੀ ਲਿਵ-ਧੁਨੀ ਨਿਰਾਲੀ,
ਖਾਲਸਾ ਜੀ ਦੀ ਗੂੰਜ ਗੁੰਜਾਲੀ,
ਖਾਲਸਾ ਜੀ ਦਾ ਸੀਸ ਸਸ਼ੋਭਤੀ,
ਦੂਹਰੇ ਦਸਤਾਰੇ ਵਾਲਾ ਚੇਹਨ ਨਿਰਾਲਾ,
ਖਾਲਸਾ ਜੀ ਦੇ ਗੁਰਮੁਖੀ ਦਾੜ੍ਹੇ ਵਾਲਾ
ਨਵ-ਜੋਬਨੀ ਸ਼ਬਾਬ ਪੇਹਨ ਨਿਰਾਲਾ।

ਦੁਨੀਆ ਦੀਆਂ ਸੈਂਕੜੇ ਕੌਮਾਂ ਦੀਆਂ ਸਹੰਸਰੀ ਸਫ਼ਾਂ ਵਿਚ ਖੜਾ ਇਕੋ ਇਕ ਸਿੰਘ ਖਾਲਸਾ-ਜਨ ਪਹਿਲੀ ਨਜ਼ਰੇ ਹੀ ਦੂਰੋਂ ਨਿਰਾਲਾ ਹੀ ਪਛਾਣਿਆ ਜਾਂਦਾ ਹੈ। ਇਸੇ ਪ੍ਰਕਾਰ ਅਨੇਕਾਂ ਕੌਮਾਂ ਦੀਆਂ ਤ੍ਰੀਮਤਾਂ ਦੀ ਕਤਾਰ ਵਿਚ ਖੜੀ ਪੁਰਾਤਨ ਭੁਝੰਗਣ ਸਿੰਘਣੀ ਦੂਰੋਂ ਹੀ ਦੇਖਣਸਾਰ ਨਿਰਾਲੀ ਪਛਾਣੀ ਜਾਂਦੀ ਸੀ। ਉਸ ਦੇ ਦਸਮ ਦੁਆਰੜੇ ਸੀਸ ਉਤੇ ਜੂੜੇ ਸਹਿਤ ਜਟਾ-ਮੁਕਟੀ ਸਜੀ ਦਸਤਾਰ ਨਿਰਾਲੀ ਕੌਮੀਅਤ ਦੀ ਪਛਾਣ, ਸੁਤੇ ਸਹਿਜ ਹੀ ਕਰਾ ਦਿੰਦੀ ਸੀ।

*('ਸਿੰਘਾਂ ਦਾ ਪੰਥ ਨਿਰਾਲਾ' ਟ੍ਰੈਕਟ ਵਿਚੋਂ)*

# ਅਗਨਿ ਰਸ ਸੋਖੈ ਮਰੀਐ ਧੋਖੈ

*[ਗਿਆਨੀ ਹਰਿਬੰਸ ਸਿੰਘ ਤੇਗ]*

ਸਤਿਗੁਰੂਆਂ ਦੀ ਬਾਣੀ ਦਾ ਬੋਧ ਤਾਂ ਅਗਾਧ ਹੈ, ਪੂਰੀ ਤਰਾਂ ਸਮਝ ਸਕਣਾ ਮਨੁਖੀ-ਮਤਿ ਦੇ ਵਸ ਵਿਚ ਨਹੀਂ ਹੈ। ਪਰ ਜਦੋਂ ਕੋਈ ਸ਼ਰਧਾਲੂ ਆਤਮਕ ਜੀਵਨ ਦੀ ਲੋਚਾ ਰੱਖ ਕੇ ਇਲਾਹੀ ਬਾਣੀ ਨਾਲ ਤਨੋ-ਮਨੋ ਜੁੜਨ ਲਈ ਜਤਨਸ਼ੀਲ ਹੋਵੇ ਤਾਂ ਸਤਿਗੁਰੂ ਦੀ ਮਤਿ ਹਿਰਦੈ ਵਿਚ ਪਰਵੇਸ਼ ਕਰ ਜਾਂਦੀ ਹੈ। ਮਨ ਦੀ ਮਤਿ ਦਾ ਡੇਰਾ ਉਠ ਜਾਂਦਾ ਹੈ। ਮਨੁਖੀ ਹਿਰਦੇ ਨੂੰ ਇਕ ਅਨੋਖਾ ਜਿਹਾ ਸਰੂਰ (ਨਸ਼ਾ) ਭੀ ਅਨੁਭਵ ਹੋਣ ਲਗਦਾ ਹੈ। ਐਸੀ ਹਾਲਤ ਵਿਚ ਆਮ ਮਨੁਖਾਂ ਵਾਂਗ ਦੁਨਿਆਵੀ ਗਰਮੀ ਸਰਦੀ (ਤ੍ਰਿਸ਼ਨਾ ਅਤੇ ਵਿਕਾਰਾਂ ਦੇ ਕਰਮਾਂ ਦੇ ਪਾਪਾਂ ਦਾ ਪਾਲਾ) ਭੀ ਨਹੀਂ ਪੋਂਹਦੀ।

ਸ਼ਰਾਬ ਆਦਿ ਨਸ਼ਿਆਂ ਵਿਚ ਮਸਤ ਹੋਏ ਮਨੁਖ ਨੂੰ (ਬੇਹੋਸ਼ ਹੋਏ ਨੂੰ) ਆਮ ਆਦਮੀ ਨਾਲੋਂ ਗਰਮੀ ਸਰਦੀ ਘਟ ਪੋਂਹਦੀ ਹੈ। ਭਾਵੇਂ ਇਹ ਹਾਲਤ ਥੋੜ-ਚਿਰੀ ਹੀ ਹੁੰਦੀ ਹੈ, ਬਾਦ ਵਿਚ ਸਗੋਂ ਗਰਮੀ ਸਰਦੀ ਦਾ ਅਸਰ ਵਧ ਦੁਖਦਾਈ ਹੁੰਦਾ ਹੈ। ਪ੍ਰੰਤੂ ਗੁਰਮਤਿ ਦੇ ਪਾਂਧੀ ਨੂੰ ਜੋ ਸਰੂਰ ਪ੍ਰਾਪਤ ਹੁੰਦਾ ਹੈ ਓਹ ਥੋੜ ਚਿਰਾ ਨਹੀਂ ਅਤੇ ਦੁਨਿਆਵੀ ਨਸ਼ਿਆ ਵਰਗਾ ਨਹੀਂ ਹੁੰਦਾ, ਸਗੋਂ ਹੋਰ ਅਜਿਹੇ ਆਤਮਕ-ਰਸ ਦੀ ਮਸਤੀ ਦੀ ਬੇ-ਪਰਵਾਹੀ ਵਾਲੀ ਉਚੀ ਅਵਸਥਾ, ਹੋਰ ਨਰੋਈ ਹੁੰਦੀ ਹੈ।

ਹਾੜ ਦੇ ਮਹੀਨੇ ਦੀ ਤਪਸ਼ (ਗਰਮੀ) ਨੂੰ ਦਰਸਾਕੇ ਸਤਿਗੁਰੂ ਜੀ ਨੇ ਇਸ ਤੱਤੀ ਹਵਾ (ਲੋਅ) ਦੇ ਪ੍ਰਮਾਣ ਦਿੱਤਾ ਹੈ, ਜਿਸਨੇ ਕਿ ਹਰਿਆਲੀ ਸੁਕਾ ਦਿਤੀ ਹੈ ਅਤੇ ਪੰਛੀ ਜਾਨਵਰ ਭੀ ਇਸ ਲੋਅ ਤੋਂ ਬਚਣ ਲਈ ਵਡੇ ਵਡੇ ਦਰਖਤਾਂ ਦੀ ਓਟ ਲੈਂਦੇ ਹਨ। ਸੂਰਜ ਦਾ ਰਥ-ਚੱਕਰ ਚਲਦਾ ਹੋਇਆ ਇਸ ਸਮੇਂ ਪੂਰੇ ਜੋਬਨ ਉਤੇ ਹੈ। ਇਸ ਲੋਅ ਤੋਂ ਬਚਣ ਲਈ ਹਰ ਕੋਈ ਅਹੁੜ ਪਹੁੜ ਕਰ ਰਿਹਾ ਹੈ। ਮਨੁਖੀ ਦਿਮਾਗ ਨਾਲ ਕਾਢਾਂ ਕੱਢ ਕੇ ਅਜੋਕੇ ਸਮੇਂ ਕਈ ਪਰਬੰਧ ਮਨੁਖ ਨੇ ਐਸੀ ਗਰਮ-ਲੋਅ ਤੋਂ ਬਚਣ ਲਈ ਕੀਤੇ ਹੋਏ ਹਨ। ਜਦ ਕਿ ਹੈਨ ਇਹ ਸਭੇ ਥੋੜ ਚਿਰੇ ਅਤੇ ਕਿਸੇ ਹੋਰ ਸ਼ਕਤੀ ਉਤੇ ਅਧਾਰਤ। ਜੋ ਕਿ ਸਾਰੇ ਮਨੁੱਖਾਂ ਨੂੰ ਇਹ ਸੰਭਵ ਭੀ ਨਹੀਂ ਹਨ।

ਪੁਰਾਤਨ ਸਮੇਂ ਵਿਚ ਮਨੁੱਖ ਦਾ ਕੁਦਰਤੀ ਜੀਵਨ ਅੱਜ ਨਾਲੋਂ ਵਧ ਸੀ, ਐਸੀ ਗਰਮ-ਲੋਅ ਤੋਂ ਬਚਣ ਲਈ ਆਪਣੇ ਕੱਚੀਆਂ ਕੰਧਾਂ ਵਾਲੇ ਘਰਾਂ ਦੇ ਧੁਰ ਪਿਛਲੇ ਕਮਰੇ ਵਿਚ ਓਟ ਲੈ ਲਈ ਜਾਂਦੀ ਸੀ। ਜਿਸ ਕਰਕੇ ਲੋਅ ਤੋਂ ਬਚਾਅ ਕਰ ਲੈਂਦੇ ਹਨ। ਪੰਛੀ ਭੀ ਬ੍ਰਿਛ ਦੀ ਓਟ ਵਿਚ ਐਸੀ ਗਰਮ ਲੋਅ ਤੋਂ ਬਚਾਅ ਕਰ ਲੈਂਦੇ ਹਨ। ਇਉਂ ਇਹ ਕੁਦਰਤੀ ਜੀਵਨ ਸਭ ਲਈ ਹੀ ਸੰਭਵ ਹੈ ਜਾਂ ਸੀ। ਕੁਦਰਤੀ ਜੀਵਨ ਵਾਸਤੇ ਕਹਾਵਤਾਂ ਭੀ ਸਨ ਕਿ -

***ਜੇਠ ਹਾੜ ਗੁਨੀਂ॥ ਸਉਣ ਭਾਦਰੋਂ ਰੁਖੀਂ॥***

ਵਿਗਿਆਨ ਨੇ ਤਰੱਕੀ ਤਾਂ ਕੀਤੀ ਹੈ, ਸਾਧਨ ਭੀ ਬਣੇ ਹਨ ਪਰੰਤੂ ਇਹ ਹਰੇਕ ਗਰੀਬ-ਅਮੀਰ ਲਈ ਕੁਦਰਤੀ ਸਾਧਨ ਵਰਗੇ ਨਹੀਂ। ਗੈਰ ਕੁਦਰਤੀ ਅਤੇ ਪਦਾਰਥਵਾਦ ਉਤੇ ਅਧਾਰਤ ਹੋਣ ਕਾਰਨ, ਸਭ ਲਈ ਇਕ ਸਮਾਨ ਨਹੀਂ ਹਨ। ਇਸੇ ਕਾਰਨ ਸੰਸਾਰ ਵਿਚ ਈਰਖਾ ਅਤੇ ਵਿਰੋਧ ਵਧ ਰਿਹਾ ਹੈ, ਖੁਦਗਰਜ਼ੀ ਦੀ ਬੀਮਾਰੀ ਨੇ ਮਨੁੱਖ ਨੂੰ ਵਿਗਿਆਨ ਦੇ ਹੁੰਦੇ ਹੋਏ ਭੀ ਅਗਿਆਨੀ ਬਣਾ ਕੇ ਅੰਨ੍ਹਾ ਕੀਤਾ ਹੋਇਆ ਹੈ।

ਗੁਰੂ ਸਾਹਿਬਾਂ ਨੇ ਐਸੇ ਦ੍ਰਿਸ਼ਟਾਂਤ ਅਤੇ ਰੂਪਕ ਆਪਣੀ ਬਾਣੀ ਵਿਚ ਵਰਤ ਕੇ ਸਾਨੂੰ ਸਮਝਾਉਣ ਲਈ ਕਿੰਨੇ ਹੀ ਪ੍ਰਤੀਕ ਭੀ ਦਿੱਤੇ ਹਨ। ਜਿਨ੍ਹਾਂ ਦੀ ਮਦਦ ਨਾਲ ਸਾਨੂੰ ਆਪਣੇ

ਸਰੀਰ (ਧਰਤੀ) ਦੇ ਰਸ ਨੂੰ ਸੁੱਕਣ ਅਤੇ ਤ੍ਰਿਸ਼ਨਾ ਰੂਪੀ ਅਗਨੀ ਦੀ ਤੇਜ਼ ਗਰਮ ਹਵਾ (ਲੋਅ) ਤੋਂ ਬਚਾਉਣ ਲਈ ਸੋਧ ਦਿੱਤੀ ਹੈ। ਤਾਂ ਜੋ ਆਤਮਕ ਜੀਵਨ ਦੀ ਹਰਿਆਲੀ ਕਾਇਮ ਰੱਖੀ ਜਾ ਸਕੇ। ਸਰੀਰ 'ਚੋਂ ਪਾਣੀ ਭੀ ਸੁਕ ਨਾ ਜਾਵੇ, ਪਾਣੀ ਬਿਨਾਂ ਸਰੀਰ ਦੀ ਖ਼ੂਬਸੂਰਤੀ ਅਤੇ ਕਾਇਮੀ ਨਹੀਂ ਰਹਿ ਸਕਦੀ, ਪੌਣ ਬਿਨਾਂ ਭੀ ਜੀਵਨ ਅਤੇ ਗਿਆਨ ਨਹੀਂ ਹੁੰਦਾ। ਮਾਇਆ ਦੀ ਤ੍ਰਿਸ਼ਨਾ (ਤਪਸ਼) ਨਾਲ ਤ੍ਰਾਹ ਤ੍ਰਾਹ ਕਰਦੀ ਜੀਵ-ਆਤਮਾ ਨੂੰ ਸੁਖ ਦਾ ਸਾਹ ਕਿਵੇਂ ਮਿਲੇ। ਤ੍ਰਿਸ਼ਨਾ ਅਧੀਨ ਕੀਤੇ ਕਰਮਾਂ ਦੇ ਅਵਗੁਣਾਂ ਦੀ ਪੰਡ (ਗੰਢ) ਸਿਰ ਉਤੇ ਭਾਰੀ ਬੋਝ ਵਾਲੀ ਹੋਣ ਨਾਲ ਜੀਵਨ-ਸਫ਼ਰ ਤਹਿ ਕਰਨਾ ਭੀ ਮੁਸ਼ਕਲ ਹੋਇਆ ਪਿਆ ਹੈ। ਮੌਜੂਦਾ ਸਮੇਂ ਦੇ ਦੁਖ ਕਾਰਨ ਭਵਿੱਖ ਲਈ ਭੀ ਦੁਖ ਹੀ ਖਰੀਦਿਆ ਜਾਂ ਇੱਕਠਾ ਕੀਤਾ ਜਾ ਰਿਹਾ ਹੈ, ਇਸ ਦੁਖ ਵਿਚੋਂ ਕਢਣ ਲਈ ਹਾੜ ਮਹੀਨੇ ਦੇ ਪ੍ਰਥਾਇ ਦਿਤੇ ਉਪਦੇਸ਼ ਨੂੰ ਭਾਵ-ਆਤਮਕ ਵੀਚਾਰ ਸਾਡੀ ਰਹਿਨੁਮਾਈ ਕਰ ਰਹੀ ਹੈ -

*ਆਸਾੜੁ ਭਲਾ ਸੂਰਜੁ ਗਗਨਿ ਤਪੈ॥*
*ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥*
*ਅਗਨਿ ਰਸੁ ਸੋਖੈ, ਮਰੀਐ ਧੋਖੈ,*
*ਭੀ ਸੋ ਕਿਰਤੁ ਨ ਹਾਰੇ॥*
*ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝ ਬਾਰੇ॥*
*ਅਵਗੁਣ ਬਾਧਿ ਚਲੀ, ਦੁਖ ਆਗੈ ਸੁਖੁ ਤਿਸੁ ਸਾਚੁ ਸਮਾਲੇ॥*
*ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥* *ਅੰਗ - ੧੧੦੮*

ਭਾਵੇਂ ਜੋਤਿਸ਼ ਵਾਲੇ ਹਾੜ ਮਹੀਨੇ ਨੂੰ ਉਤਰਾਬਾਡਾ ਨਛੱਤਰ ਵਾਲੀ ਪੂਰਨਮਾਸ਼ੀ ਵਾਲਾ ਮਹੀਨਾ ਮੰਨਦੇ ਹਨ ਅਤੇ ਸੂਰਜ ਦਾ ਮਿਥਨ ਰਾਸ਼ੀ ਚੋਂ ਕਰਕ ਵਿਚ ਪਰਵੇਸ਼ ਹੋਣਾ ਦਸਦੇ ਹਨ। ਪਰ ਗੁਰੂ ਨਾਨਕ ਸਾਹਿਬ ਜੀ ਨੇ ਇਸ ਬਾਰੇ ਕੋਈ ਜਾਣਕਾਰੀ ਦੇਣ ਨਾਲੋਂ ਸਹੀ ਦਿਸ਼ਾ ਵਲ ਤੁਰਨ ਦੀ ਪ੍ਰੇਰਨਾ ਦੇਣ ਹਿਤ, ਇਸ ਮਨੁਖੀ ਜੀਵਨ ਨੂੰ ਰਸ-ਭਰਪੂਰ ਸਚੀ ਸੁਚੀ ਅਮਲੀ ਜ਼ਿੰਦਗੀ ਲਈ ਹੀ ਸਿਖਿਆ ਦਿੱਤੀ ਹੈ। ਜਿਹੜੇ ਪ੍ਰਤੀਕ ਜਾਂ ਦ੍ਰਿਸ਼ਟਾਂਤ ਵਰਤੇ ਹਨ ਡੂੰਘੇ ਰਹੱਸ-ਭਰਪੂਰ ਹਨ। ਹੇ ਭਾਈ! ਜੇ ਇਸ ਤਪਦੇ ਸੰਸਾਰ ਵਿਚ ਠੰਢ-ਸ਼ਾਂਤੀ ਪ੍ਰਾਪਤ ਕਰਨੀ ਹੈ ਤਾਂ ਆਪਣੇ ਅਵਗੁਣਾਂ ਦੀ ਪੰਡ ਨੂੰ ਭਾਰੀ ਨਾ ਕਰ ਸਗੋਂ ਹਉਲੀ ਕਰ।

*ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥*
*ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥*
*ਅੰਗ - ੫੯੫*

ਗਲੀਂ ਬਾਤੀ ਤਾਂ ਬਹੁਤ ਮਿੱਤਰ ਬਣ ਜਾਂਦੇ ਹਨ ਜਾਂ ਜਾਪਦੇ ਹਨ ਪ੍ਰੰਤੂ ਜਿਸ ਮਿੱਤਰ ਤੋਂ ਪੂਰਨ ਸੁਖ ਦੀ ਠੰਡਕ (ਸ਼ਾਂਤੀ) ਦੀ ਪ੍ਰਾਪਤੀ ਹੋਣੀ ਹੈ ਉਹ ਭਾਗਾਂ ਨਾਲ ਹੀ ਮਿਲਦਾ ਹੈ ਐਸੇ ਪ੍ਰੀਤਮ ਦੀ ਭਾਲ ਬਾਰੇ ਬਾਬਾ ਫਰੀਦ ਜੀ ਦਾ ਕਥਨ ਹੈ -

*ਫਰੀਦਾ ਗਲੀ ਸੁ ਸਜਣ ਵੀਹ, ਇਕੁ ਢੂੰਢੇਦੀ ਨ ਲਹਾਂ॥*
*ਧੁਖਾਂ ਜਿਉਂ ਮਾਲੀਹ, ਕਾਰਣਿ ਤਿੰਨਾ ਮਾ ਪਿਰੀ॥*
*(ਸਲੋਕ ਫਰੀਦ ਜੀ)*

ਮਾਇਆ ਦਾ ਤੇਜ ਚਕਰ (ਰਥ) ਤਾਂ ਚਲ ਹੀ ਰਿਹਾ ਹੈ। ਇਸ ਦੀ ਯੋਗ ਅਤੇ ਲੋੜੀਂਦੀ ਵਰਤੋਂ ਤਾਂ ਸਭ ਨੇ ਕਰਨੀ ਭੀ ਹੈ। ਜਿਵੇਂ ਸਰੀਰ ਦੀ ਇਕ ਖਾਸ ਹੱਦ ਤੀਕ ਗਰਮੀ ਸਭ ਨੂੰ ਹੀ ਅਤਿ ਲੋੜੀਂਦੀ ਹੈ ਜੋ ਕੁਦਰਤੀ ਸਭ ਨੂੰ ਮਿਲੀ ਭੀ ਹੋਈ ਹੈ। ਇਸ ਦਾ ਅਭਾਵ ਭੀ ਨਹੀਂ ਕੀਤਾ ਜਾ ਸਕਦਾ। ਪਰ ਜਦੋਂ ਇਹ ਵਧ ਜਾਵੇ ਤਾਂ ਤਾਪ ਬਣ ਕੇ ਸਰੀਰ ਲਈ ਦੁਖਦਾਈ ਭੀ ਹੁੰਦਾ ਹੈ। ਸੋ ਅਤਿ ਦੀ ਗਰਮੀ ਵਿਚ ਭੀ ਅਧਿਆਤਮੀ ਨੇ ਸਹਿਜ ਵਾਲਾ ਜੀਵਨ ਜਿਉਣਾ ਹੈ ਜੋ ਗੁਰੂ ਦੀ ਮਤਿ ਗੁਰ-ਸ਼ਬਦ ਦੀ ਕਮਾਈ ਕਰਕੇ ਪ੍ਰਭੂ ਦੇ ਨਾਮ ਵਿਚ ਜੁੜ ਕੇ ਹੀ ਸੰਭਵ ਹੈ।

*ਆਤਸ ਦੁਨੀਆ ਖੁਨਕ ਨਾਮੁ ਖੁਦਾਇਆ॥*
*ਅੰਗ - ੧੨੯੧*

---

## *(ਪੰਨਾ 25 ਦੀ ਬਾਕੀ)*

ਨਾਂ ਥੱਲੇ ਲੱਚਰ ਫ਼ਿਲਮਾਂ ਬਣਾਉਣ ਦੀ ਆਗਿਆ ਦੇ ਕੇ ਸਿੱਖ ਧਰਮ ਦੇ ਪਰਚਾਰ ਕਰਨ ਦੀ ਖ਼ਾਸ ਖ਼ਿਆਲੀ ਵਿਚ ਪੈ ਕੇ ਐਵੇਂ ਥੁੱਕੀਂ ਵੜੇ ਪਕਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਕੌਮ ਦਾ ਲੱਖਾਂ ਰੁਪਿਆ ਇਸ ਕੋਝੇ ਢੰਗ ਰਾਹੀਂ ਪਰਚਾਰ ਕਰਨ ਲਈ ਰੋੜ੍ਹਿਆ ਜਾ ਰਿਹਾ ਹੈ, ਜੋ ਗੁਰਮਤਿ ਤੇ ਸਿੱਖ ਰਵਾਇਤ ਦੇ ਬਿਲਕੁਲ ਉਲਟ ਹੈ। ਇਹ ਸਭ ਕੁਝ ਜਾਣਦਿਆਂ ਹੋਇਆਂ ਵੀ ਇਸ ਮਨਮਤ ਨੂੰ ਠੱਲ੍ਹ ਪਾਉਣ ਲਈ ਅਜੇ ਤੱਕ ਕਿਸੇ ਦੀ ਅਣਖ ਨਹੀਂ ਜਾਗੀ।

ਉਪਰੋਕਤ ਵਿਚਾਰਾਂ ਦੇ ਆਧਾਰ ਤੇ ਇਹ ਨਿਰਣਾ ਕਰਨਾ ਕਿ ਪੰਥ ਕਿਸ ਹੱਦ ਤਕ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚਰ ਰਿਹਾ ਹੈ, ਇਹ ਪਾਠਕਾਂ ਉਤੇ ਛੱਡਣਾ ਹੀ ਉਚਿਤ ਹੈ ਅਤੇ ਕਿਵੇਂ ਖਾਲਸਾ ਪੰਥ ਆਪਣੇ ਅਧਿਕਾਰ ਮਾਣ ਸਕਦਾ ਹੈ ਇਹ ਜ਼ਿੰਮੇਵਾਰ ਤੇ ਵਿਦਵਾਨ ਸੱਜਣਾਂ ਲਈ ਛੱਡਿਆ ਜਾਂਦਾ ਹੈ।

# ਪੱਗ ਵਿਸਾਰ ਆਯਾ ਸਿਰ ਨੰਗੈ

*[ਭਾਈ ਤਾਰਾ ਸਿੰਘ ਜੀ]*

***ਠੰਢੇ ਖੂਹਹੁ ਨ੍ਹਾਇ ਕੈ ਪਗ ਵਿਸਾਰ ਆਯਾ ਸਿਰਿ ਨੰਗੈ॥***
***ਘਰ ਵਿਚ ਰੰਨਾ ਕਮਲੀਆਂ ਧੁਸੀ ਲੀਤੀ ਦੇਖ ਕੁਢੰਗੈ॥***
***ਰੰਨਾ ਦੇਖ ਪਿਟੰਦੀਆ ਢਾਹਾਂ ਮਾਰੈਂ ਹੋਇ ਨਿਸੰਗੈ॥***
***ਲੋਕ ਸਿਆਪੇ ਆਇਆ ਰੰਨਾ ਪੁਰਸ਼ ਜੁੜੇ ਲੈ ਪੰਗੈ।***
***ਨਾਇਣ ਪੁਛਦੀ ਪਿਟਦੀਆਂ ਕਿਸ ਦੈ ਨਾਇ ਅਲ੍ਹਾਣੀ ਅੰਗੈ॥***
***ਸਹੁਰੇ ਪੁਛਹ ਜਾਇ ਕੈ ਕਉਣ ਮੁਆ ਨੁਹ ਉਤਰੁ ਮੰਗੈ॥***
***ਕਾਵਾ ਰੌਲਾ ਮੂਰਖੁ ਸੰਗੈ॥***
***ਭਾਈ ਸਾਹਿਬ ਗੁਰਦਾਸ ਜੀ ਵਾਰ ੩੨ ਪਉੜੀ ੧੯***

ਇਕੁ ਮੂਰਖ ਠੰਢੇ ਪਾਣੀ ਵਾਲੇ ਖੂਹ ਤੋਂ ਨ੍ਹਾ ਕੇ ਪੱਗ ਉੱਥੇ ਹੀ ਭੁਲਾਕੇ ਨੰਗੇ ਸਿਰ ਘਰ ਨੂੰ ਆਇਆ। ਇਸ ਤਰਾਂ ਦਾ ਖੋਟਾ ਢੰਗ ਦੇਖ ਕੇ ਘਰ ਵਿਚ ਰੰਨਾ ਭਾਵ ਪਿੱਟਣ ਲਗ ਪਈਆਂ। ਰੰਨਾ ਨੂੰ ਪਿਟਦੀਆਂ ਦੇਖ ਕੇ ਹੋਰ ਭੀ ਸਾਰੀ ਇਸਤਰੀਆਂ ਕਮਲੀਆਂ ਹੋ ਕੇ ਪਿਟਨ ਲੱਗ ਹਈਆਂ ਅਤੇ ਆਦਮੀ ਨਿਸੰਗ ਹੋ ਕੇ ਢਾਹਾਂ ਮਾਰਣ ਲਗ ਪਏ। ਬਹੁਤ ਸਾਰੇ ਲੋਕ ਸਿਆਪੇ ਲਈ ਆ ਗਏ। ਰੰਨਾ ਪੁਰਸ਼ ਟੋਲਿਆਂ ਦੇ ਟੋਲੇ ਆ ਜੁੜੇ ਭਾਵ ਪੰਗਤਾਂ ਲਾ ਕੇ ਬੈਠ ਗਏ। ਪਿਟਣ ਵਾਲਿਆਂ ਕੋਲੋਂ ਨੈਣ ਪੁਛਣ ਲਗੀ ਮੈਂ ਕਿਸ ਦੇ ਨਾਂ ਜਾਂ ਪਾਸੇ ਅਲਾਹਣੀ ਲਵਾਂ, ਭਾਵ ਸੌਹਰਿਆ ਜਾਂ ਪੇਕਿਆ ਜਾਂ ਇਸਤਰੀ ਜਾ ਪੁਰਸ਼ ਕਿਸ ਦਾ ਨਾਂ ਬੋਲਾਂ? ਨੂੰਹ ਆਖਣ ਲਗੀ ਸੋਹਰੇ ਨੂੰ ਜਾ ਕੇ ਪੁਛੋ ਜੋ ਪਗ ਲਾਹ ਕੇ ਘਰ ਵਿਚ ਆਇਆ ਹੈ। ਜਦੋਂ ਜਾ ਕੇ ਸੌਹਰੇ ਨੂੰ ਪੁਛਿਆ ਕਿ ਨੂੰਹ ਉੱਤਰ ਮੰਗਦੀ ਹੈ ਕਿ ਕੌਣ ਮਰ ਗਿਆ ਹੈ, ਦਸੋ? ਤਾਂ ਸਹੁਰੇ ਨੇ ਖੂਹ ਤੋਂ ਪੱਗ ਲਿਆ ਕੇ ਬੰਨ੍ਹ ਲਈ ਅਤੇ ਇਸਤਰੀ ਪੁਰਸ਼ ਰੋ ਪਿਟ ਕੇ ਘਰੋ ਘਰੀ ਚਲੇ ਗਏ। ਸਿਟਾ ਇਹ ਨਿਕਲਿਆ ਮੂਰਖ ਦੇ ਪੱਗ ਭੁੱਲ ਕੇ ਨੰਗੇ ਸਿਰ ਘਰ ਆਣ ਨਾਲ ਕਾਵਾਂ ਰੌਲਾ ਬਣ ਗਿਆ।

ਭਾਈ ਸਾਹਿਬ ਦੀ ਇਸ ਵਾਰ ਅਨੁਸਾਰ ਸਿਰੋਂ ਨੰਗੇ ਬਾਹਰ ਫਿਰਨਾ ਕੁਢੰਗੀ ਗੱਲ ਹੈ ਅਤੇ ਮੂਰਖਤਾਈ ਹੈ। ਸਚ ਮੁਚ ਹੀ ਜੇ ਕਿਸੇ ਪੁਰਸ਼ ਨੇ ਚਾਰ ਕਕਾਰ ਪਾਏ ਹੋਣ ਭਾਵ ਕਛ, ਕੜਾ, ਕੰਘਾ ਕਿਰਪਾਨ ਤੇ ਸਿਰੋ ਨੰਗਾ ਬਜਾਰ ਵਿਚ ਘੁੰਮਦਾ ਹੋਵੇ ਤਾਂ ਮੂਰਖ ਜਾਂ ਕਮਲਾ ਹੀ ਲਗੇਗਾ ਅਤੇ ਇਸੇ ਤਰਾਂ ਬੀਬੀ ਵੀ। ਪਰ ਅੱਜ ਕਲ ਦੇਖਣ ਵਿਚ ਆਉਂਦਾ ਹੈ ਕਿ ਬੀਬੀਆਂ ਦੇ ਗਲੇ ਕਿਰਪਾਨ ਹੁੰਦੀ ਹੈ ਪਰ ਸਿਰੋਂ ਨੰਗੀਆਂ ਹੀ ਬਜਾਰਾਂ ਵਿਚ ਘੁੰਮਦੀਆਂ ਹਨ ਇਹ ਸਿੱਖੀ ਨਾਲ ਮਖੌਲ ਹੈ ਅਤੇ ਹਾਸੋ ਹੀਣੀ ਗਲ ਬਣ ਜਾਂਦੀ ਹੈ। ਐਸਾ ਕਰਨ ਨਾਲ ਸਿੰਘ ਜਾਂ ਸਿੰਘਣੀ ਤਨਖਾਹੀ ਹੀ ਨਹੀਂ ਸਗੋਂ ਵਡੇ ਤਨਖਾਹੀ ਹੋ ਜਾਂਦੇ ਹਨ।

***ਉਡ ਉਡ ਰਾਵਾ ਝਾਟੈ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ॥ (ਆਸਾ ਦੀ ਵਾਰ)***

***ਨਗਨ ਸੀਸ ਜੋ ਫਿਰੇ ਨਗਨ ਸੀਸ ਜੋ ਖਾਏ***
***ਨਗਨ ਪ੍ਰਸ਼ਾਦਿ ਜੋ ਬਾਂਟਈ ਤਨਖਾਹੀ ਵਡਾ ਕਹਾਏ॥***
***ਰਹਿਤਨਾਮਾ***

ਸਾਡੀ ਸਰਦਾਰੀ ਦੀ ਪਛਾਣ ਦਸਤਾਰ ਹੀ ਹੈ। ਇਸ ਲਈ ਬੇਨਤੀ ਹੈ ਖਾਸ ਕਰਕੇ ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਪ੍ਰਤੀ ਕਿ ਬਾਕੀ ਕਕਾਰਾਂ ਦੇ ਨਾਲ ਪੰਜਵਾਂ ਕਕਾਰ ਕੇਸਕੀ ਯਾਦ ਰਖੀਏ ਅਤੇ ਇਸ ਨੂੰ ਸਰੀਰ ਨਾਲੋਂ ਅਲਗ ਨ ਕਰੀਏ ਜੈਸਾ ਕੇ ਗੁਰੂ ਸਾਹਿਬਾਨ ਦੇ ਹੁਕਮਨਾਮੇ ਹਨ।

***ਕਛ ਕੜਾ ਕਿਰਪਾਨ ਕੰਘਾ ਕੇਸਕੀ***
***ਇਹ ਪੰਜ ਕਕਾਰੀ ਰਹਤ ਧਾਰੈ ਸਿਖ ਸੋਈ॥***
***(ਰਹਤਨਾਮਾ)***

***ਕੰਘਾ ਦੋਨੋ ਵਕਤ ਕਰ ਪਾਗ ਚੁਨੇ ਕਰ ਬਾਂਧਈ।***
***ਦਾਤਨ ਨੀਤ ਕਰੇ, ਨ ਦੁਖ ਪਾਵੈ ਲਾਲ ਜੀ।***
***(ਰਹਤਨਾਮਾ)***

ਵਡੇ ਸ਼ਹਿਰਾਂ ਵਿਚ ਸਕੂਟਰ ਜਾਂ ਮੋਟਰ ਸਾਇਕਲ ਚਲਾਣ ਸਮੇਂ ਜਿਨ੍ਹਾਂ ਬੀਬੀਆਂ ਨੇ ਦਸਤਾਰ ਨਹੀਂ ਸਜਾਈ ਹੁੰਦੀ ਉਹਨਾਂ ਨੂੰ ਸਿਰ ਤੇ ਟੋਪੀ ਰੱਖਣੀ ਪੈਂਦੀ ਹੈ ਜਿਹੜਾ

ਸਿੱਖੀ ਤੇ ਬਿਲਕੁਲ ਹੀ ਪ੍ਰਤੀਕੂਲ ਹੈ।

*ਹੋਇ ਸਿਖ ਸਿਰ ਟੋਪੀ ਧਰੈ ਸਾਤ ਜਨਮ ਕੁਸ਼ਟੀ ਹੋਇ ਮਰੈ॥ (ਰਹਤਨਾਮਾ)*

ਇਸ ਲਈ ਕੇਸਕੀ (ਛੋਟੀ ਦਸਤਾਰ) ਪੰਜਵੇਂ ਕਕਾਰ ਦਾ ਧਾਰਨੀ ਹੋਣਾ ਅੰਮ੍ਰਿਤਧਾਰੀ ਸਿੰਘ ਜਾਂ ਸਿੰਘਣੀ ਲਈ ਅਤੀ ਜਰੂਰੀ ਹੈ ਜੀ।

---

*(ਪੰਨਾ 28 ਦੀ ਬਾਕੀ)*

ਵਿੱਚ ਨਾਉਣ ਤੇ ਗਿਆਨ ਸਰੋਵਰ ਵਿੱਚ ਚੁੱਭੀ ਮਾਰਨ ਦੇ ਸੁਪਨੇ ਨੂੰ ਪੂਰਾ ਨਹੀਂ ਕਰਨ ਦਿੰਦੇ। 'ਪੰਚ ਰਾਸੀ ਤਾਂ ਤੀਰਥ ਵਾਸੀ॥ (ਆਸਾ ਮਹਲਾ ੧, ਅੰਗ - ੩੫੬)' ਦਾ ਮਹਾਂ ਵਾਕ, ਪੰਜਾਂ ਨੂੰ ਰਾਸ ਵਿੱਚ ਲਿਆਉਣ ਦਾ ਉਪਦੇਸ਼ ਦਿੰਦਾ ਹੈ।

ਸਾਡਾ ਨਗਰ ਉਜਾੜਨ ਲਈ ਪੰਜਾਂ ਦੇ ਕਈ ਟੋਲੇ ਹਨ। ਇਨ੍ਹਾਂ ਵਿਚੋਂ ਦੋ ਬਹੁਤ ਤਕੜੇ ਤੇ ਪ੍ਰਭਾਵਸ਼ਾਲੀ ਹਨ। ਪਹਿਲਾ ਸਮੂਹ ਪੰਜ ਮਨੋਵਿਰਤੀਆਂ ਦਾ ਹੈ ਤੇ ਵਿਆਕਰਣ ਅਨੁਸਾਰ ਭਾਵ-ਵਾਚਕ ਨਾਵਾਂ ਦਾ ਸਮੂਹ ਅਦ੍ਰਿਸ਼ਟ ਰੂਪ ਵਿੱਚ ਹੋਣ ਕਰਕੇ, ਇਨ੍ਹਾਂ ਨੂੰ ਪਕੜਨਾ ਜਾਂ ਪਕੜ ਕੇ ਸਿੱਧਾ ਕਰਨਾ ਜਾਂ ਪਕੜ ਕੇ ਦਿਖਾਉਣਾ ਹਕੀਕਤ ਘੱਟ ਹੈ, ਮਿੱਥ ਜ਼ਿਆਦਾ ਹੈ। ਇਹ ਇਨਸਾਨ ਦੀ ਅੱਧੀ ਅਕਲ, ਸਿਆਣਪ, ਸੋਚ ਵਿਚਾਰ ਦੀ ਪੇਸ਼ ਨਹੀਂ ਜਾਣ ਦਿੰਦੇ। ਮਨ ਇਨ੍ਹਾਂ ਦਾ ਪਾਣੀ ਭਰਦਾ ਹੈ। ਸਰੀਰ ਦੇ ਸਾਰੇ ਅੰਗ ਇਸ਼ਾਰੇ ਤੇ ਚੱਲਦੇ ਹਨ।

ਇਸ ਦੇ ਟਾਕਰੇ ਵਿੱਚ ਪੰਜ ਗਿਆਨ ਇੰਦਰੇ ਸਥੂਲ ਹਨ, ਦੇਖਣ ਚਾਖਣ, ਛੂਹਣ, ਸੁਣਨ ਤੇ ਸੁੰਘਣ ਦੇ ਵਿਸ਼ੇ ਹਨ। ਆਪਣੇ ਹਨ ਪਰ ਬਦਕਿਸਮਤੀ ਨਾਲ ਬਿਗਾਨੇ ਬਣ ਗਏ ਹਨ। ਇਨ੍ਹਾਂ ਨੂੰ ਸੁਧਾਰਨਾ ਹੈ, ਮਾਰਨਾ ਨਹੀਂ, ਅਧੀਨ ਕਰਨਾ ਹੈ, ਖਤਮ ਨਹੀਂ ਕਰਨਾ। ਕੀ ਅੱਖਾਂ ਦੇਣਾ ਵੀ ਕੋਈ ਇਲਾਜ ਹੈ? ਕੀ ਇੰਦ੍ਰੀ-ਹੀਨ ਪ੍ਰਾਣੀ ਦਾ ਮਨ ਸਹਜ ਅਵਸਥਾ ਵਿੱਚ ਵਿਚਰਦਾ ਹੈ? ਬਿਲਕੁਲ ਨਹੀਂ, ਕੀ ਖੁਸਰੇ ਨੂੰ ਪਰਮਗਤੀ ਪ੍ਰਾਪਤ ਹੁੰਦੀ ਹੈ?

ਆਪਣੇ ਬਲ ਦੁਆਰਾ ਇਨ੍ਹਾਂ ਦਾ ਸੋਧਣਾ ਬਹੁਤ ਕਠਿਨ ਹੈ। ਭੱਟਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਕਰਦਿਆਂ ਫ਼ੁਰਮਾਇਆ -

*ਸਤਗੁਰਿ ਦਯਾਲਿ ਹਰਿ ਨਾਮੁ ਦ੍ਰਿੜ੍ਹਾਯਾ*

*ਤਿਸੁ ਪ੍ਰਸਾਦਿ ਵਸਿ ਪੰਚ ਕਰੇ॥ ਅੰਗ - ੧੩੨੭*

ਉਸ ਅਮੁੱਲ ਨਾਮ ਦੀ ਬਖਸ਼ਸ਼ ਕੀਤੀ ਜਿਸ ਨੂੰ ਆਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦੇ ਅੰਮ੍ਰਿਤ ਪਾਨ ਵਿੱਚ ਬਦਲਿਆ।

ਸਾਰੰਸ਼ ਗੁਰਮਤਿ ਨਾਮ ਕਮਾਈ ਕਰਨ ਵਾਲਿਆਂ ਦੇ ਅੱਗੇ ਕੋਈ ਨਹੀਂ ਟਿਕਿਆ ਅਤੇ ਸਭ ਦਾ ਆਕੀਪੁਣਾ ਖਤਮ ਹੋ ਗਿਆ। ਪੰਜਾਂ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ।

*ਦੇਹੀ ਨਗਰਿ ਕੋਟਿ ਪੰਚ ਚੋਰ ਬਟਵਾਰੇ*
*ਤਿਨ ਕਾ ਥਾਉ ਥੇਹੁ ਗਵਾਇਆ॥ ਅੰਗ - ੧੧੧੭*

ਪੰਜਾਂ ਗਿਆਨ ਇੰਦਰਿਆਂ ਨੂੰ ਬੇ-ਹਰਕਤ, ਬੇਬਸ, ਬਣਾ ਕੇ, ਉਨ੍ਹਾਂ ਦਾ ਦੌੜਨਾ ਭੱਜਣਾ, ਘੁੰਮਣਾ ਮੁਕਾ ਦਿੱਤਾ। ਮਜਾਲ ਜੇ ਕੋਈ ਅੰਗ ਵੀ ਆਤਮਾ ਦੀ ਆਵਾਜ਼, ਸਤਿਗੁਰੂ ਦੇ ਫ਼ੁਰਮਾਨ ਦੀ ਉਲੰਘਣਾ ਕਰਨ ਦਾ ਹਿਆ ਕਰੇ।

*ਪੰਖੀ ਪੰਚ ਉਡਰਿ ਨਹੀ ਧਾਵਹਿ॥ ਮਾਰੂ ਮ: ੧*

ਵਾਲੀ ਉੱਚੀ ਦਸ਼ਾ ਪ੍ਰਾਪਤ ਹੋ ਗਈ। ਨਾਮ ਬਾਣੀ ਕੀਰਤਨ ਦਾ ਅਥਾਹ ਪ੍ਰਵਾਹ ਚੱਲਿਆ, ਮਾਨੋ ਸਾਵਣ ਦੀ ਵਰਖਾ ਆਪਣਾ ਰੂਪ ਦਿਖਾਲਣ ਲੱਗੀ। ਸਾਰੀ ਧਰਤੀ ਮਾਉਲ ਉੱਠੀ, ਹਰੀ ਭਰੀ ਤੇ ਉਪਜਾਊ ਬਣ ਗਈ। ਸਭ ਤੇ ਹਲ ਨਾਲ ਵਾਹੀ ਕੀਤੀ ਤੇ ਨਾਮ ਦਾ ਬੀਜ ਪ੍ਰਫੁੱਲਤ ਹੋਣ ਲੱਗਾ। ਇਨ੍ਹਾਂ ਗੁਣਾਂ ਕਰਕੇ ਅਸੀਂ ਪਿੰਡ ਦੇ ਚੌਧਰੀ ਬਣ ਗਏ। ਕਿਰਸਾਣੀ ਕਰਨ ਵਾਲਿਆਂ ਦੀ ਬਦਨੀਤੀ ਤੇ ਸ਼ਰਾਰਤ ਤੋਂ ਛੁਟਕਾਰਾ ਮਿਲ ਗਿਆ। ਪੰਜਾਂ ਸਰੀਕਾਂ ਨੂੰ ਜਿਨ੍ਹਾਂ ਦਾ ਆਕੀਪੁਣਾ ਸਮਾਪਤ ਹੋ ਗਿਆ, ਬੰਨ੍ਹ ਕੇ ਲਿਆਂਦਾ ਗਿਆ। ਸਤਿਗੁਰੂ ਜੀ ਦੀ ਰਹਿਮਤ ਨਾਲ ਧਰਤੀ ਸਿੰਚੀ ਗਈ, ਨੇਕ ਕਰਮਾਂ ਤੇ ਰੱਬੀ ਸਿਫ਼ਤਾਂ ਦੇ ਬੂਟੇ ਆਪਣੀ ਖੁਸ਼ਬੂ ਵੰਡਣ ਲੱਗੇ। ਸਾਰਾ ਕਾਇਆ ਨਗਰ ਸ਼ੁਭ ਗੁਣਾਂ ਦੀ ਸੰਘਣੀ ਆਬਾਦੀ ਨਾਲ ਸ਼ਸ਼ੋਭਤ ਹੋ ਗਿਆ। ਸਤਿਗੁਰੂ ਜੀ ਦਾ ਗੁਰਵਾਕ ਹੈ-

*ਸਿਰੀ ਰਾਗੁ ਮਹਲਾ ੫॥*
*ਮੈ ਸਤ ਕਾ ਹਲੁ ਜੋਆਇਆ॥*
*ਨਾਉ ਬੀਜਣ ਲਗਾ ਆਸ ਕਰਿ*
*ਹਰਿ ਬੋਹਲ ਬਖਸ਼ ਜਮਾਇ ਜੀਉ॥*
*ਹਉ ਹੋਆ ਮਾਹਰੁ ਪਿੰਡ ਦਾ*
*ਬੰਨਿਆ ਦੇ ਪੰਜਿ ਸਰੀਕ ਜੀਉ*
*ਹਓ ਆਇਆ ਮਾਮੈ ਤਿਹੰਡੀਆ॥*
*ਪੰਜਿ ਕਿਰਸਾਣ ਮੁਜੇਰੇ ਮਿਹਡਿਆ॥*
*ਕੰਨ ਕੋਈ ਕਢਿ ਨ ਹੰਘਈ ਨਾਨਕ*
*ਵੁਠਾ ਘੁਘਿ ਗਿਰਾਉ ਜੀਉ॥੫॥*

# ਸਹਾਇਤਾ ਆਤਮ ਰੰਗ ਮਈ 2023 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਭਾਈ ਰਮਨਦੀਪ ਸਿੰਘ ਜੀ, ਚੰਡੀਗੜ੍ਹ | 5,000.00 |
| ◆ ਬੀਬੀ ਗੁਰਪ੍ਰੀਤ ਕੌਰ ਜੀ, ਚੰਡੀਗੜ੍ਹ | 2,500.00 |
| ◆ ਬੀਬੀ ਦਲਵੀਰ ਕੌਰ, ਲੁਧਿਆਣਾ | 10,000.00 |
| ◆ ਬੀਬੀ ਬਲਬੀਰ ਕੌਰ, ਫਰੀਦਾਬਾਦ | 20,000.00 |
| ◆ ਭਾਈ ਲਖਵੀਰ ਸਿੰਘ ਜੀ, ਅੰਬਾਲਾ | 5,000.00 |
| **ਕੁਲ ਜੋੜ** | **52,500.00** |

## Statement of Income & Expenditure for the Month of May 2023 of *Atam Rang*

| | |
|---|---|
| 1. M/s Jai Offset Printers | 32,000.00 |
| 2. Cost of Service Stamps | 12,300.00 |
| 3. Cost of envelops & Printing | 12,200.00 |
| 4. Cost of Sticker & Printing | 4,000.00 |
| 5. Previous balance | 98,382.00 |
| **Total Expenditure upto 31.05.2023** | **1,58,882.00** |
| Donation | 52,500.00 |
| Membership | - |
| Sale of Books | - |
| **Total Income** | **52,500.00** |
| **Expenditure** | **1,58,882.00** |
| **Income** | **52,500.00** |
| **Difference** | **(-) 1,06,382.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 15 ਜੂਨ |
| ਪੂਰਨਮਾਸ਼ੀ | 4 ਜੂਨ |
| ਮੱਸਿਆ | 18 ਜੂਨ |
| ਪੰਚਮੀ | 23 ਜੂਨ |
| **ਗੁਰਪੁਰਬ** | |
| ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 5 ਜੂਨ |
| ਮੀਰੀ ਪੀਰੀ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 28 ਜੂਨ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

**ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ**

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

# ਅਖੰਡ ਕੀਰਤਨ ਸਮਾਗਮ

ਮਿਤੀ 16.06.2023 ਨੂੰ ਕੀਰਤਨ ਆਸਾ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ, ਜਿਨ੍ਹਾਂ ਦੇ ਭੋਗ ਅੰਮ੍ਰਿਤ ਵੇਲੇ 18.06.2023 ਨੂੰ ਪੈਣਗੇ, ਉਸ ਤੋਂ ਬਾਅਦ ਦਿਵਸ ਸੁਹੇਲਾ ਸਵੇਰੇ 6.00 ਵਜੇ ਤੋਂ ਦੁਪਹਿਰ 2.00 ਵਜੇ ਤੱਕ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ, ਕੁਮਾਰਹੱਟੀ ਵਿਖੇ ਹੋਣਗੇ। ਸੰਗਤਾਂ ਪ੍ਰਤੀ ਪ੍ਰੇਮ ਸਹਿਤ ਬੇਨਤੀ ਹੈ ਕਿ ਇਸ ਸਮਾਗਮ ਵਿੱਚ ਹਾਜਰੀਆਂ ਭਰ ਕੇ ਖੁਸ਼ੀਆਂ ਲਈਆਂ ਜਾਣ ਤੇ ਇਸ ਪਵਿੱਦਰ ਅਸਥਾਨ ਤੇ ਦਰਸ਼ਨ-ਪਰਸਨ ਕਰਕੇ ਅਪਣਾ ਜੀਵਨ



**Live telecast at akj.org**

**ਦਾਸਰੇ: ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ**

**ਪ੍ਰਬੰਧਕ : ਗੁਰੂਦੁਆਰਾ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰਸਟ) ਕੁਮਾਰਹੱਟੀ**

98143-00245, 75289-00045, 87089-58920, 79869-79969, 85260-48000

## ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰੱਸਟ) ਲੁਧਿਆਣਾ

ਹਰ ਸਾਲ ਦੀ ਤਰ੍ਹਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸਾਲਾਨਾ ਯਾਦ ਵਿੱਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ, ਅਤੇ ਅਖੰਡ ਕੀਰਤਨੀ ਜੱਥਾ, ਲੁਧਿਆਣਾ ਵੱਲੋਂ ਮਿਤੀ 06.07.2023 ਤੋਂ ਲੈ ਕੇ 09.07.2023 ਸਵੇਰ ਤਕ ਭਾਈ ਰਣਧੀਰ ਸਿੰਘ ਟਰੱਸਟ, ਲੁਧਿਆਣਾ ਵਿਖੇ ਮਨਾਇਆ ਜਾ ਰਿਹਾ ਹੈ। ਜਿਸਦਾ ਵੇਰਵਾ ਅਗਲੇ ਪਰਚੇ ਵਿੱਚ ਦਿੱਤਾ ਜਾਵੇਗਾ ਜੀ।

# ਕੇਦੰਰੀ ਸਾਲਾਨਾ ਅੰਖਡ ਕੀਰਤਨ ਸਮਾਗਮ

## ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ

**12, 13, 14 ਅਤੇ 15 ਅਗਸਤ 2023**

**ਦਿਵਸ ਸੁਹੇਲਾ ਅਤੇ ਰੈਣ ਸਬਾਈ ਕੀਰਤਨ 14 ਅਗਸਤ ਸੋਮਵਾਰ 2023**



# ਸਮੂਹ ਅਖੰਡ ਕੀਰਤਨੀ ਜੱਥਿਆਂ ਵਲੋਂ
# ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ

## ਮਿਤੀ 27.07.2023 ਤੋਂ 30.07.2023 ਤੱਕ ਗੁਰਦੁਆਰਾ ਸਾਹਿਬ, ਸੰਜੋਲੀ, ਸ਼ਿਮਲਾ ਵਿਖੇ

ਹਰ ਸਾਲ ਦੀ ਤਰ੍ਹਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਤੇ ਉਨ੍ਹਾਂ ਦੇ ਸੰਗੀ ਸਾਥਿਆਂ ਦੀ ਪਵਿੱਤਰ ਯਾਦ ਵਿੱਚ ਗੁਰਦੁਆਰਾ ਸਾਹਿਬ ਸੰਜੋਲੀ, ਸ਼ਿਮਲਾ ਵਿਖੇ ਮਨਾਇਆ ਜਾ ਰਿਹਾ ਹੈ। ਮਿਤੀ 27.07.2023 ਤੋਂ 30.07.2023 ਦਿਨ ਵੀਰਵਾਰ ਤੋਂ ਲੈ ਕੇ ਐਤਵਾਰ ਸਵੇਰ ਤਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਹੇ ਹਨ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਸਮਾਗਮ ਵਿਚ ਹਾਜਰੀਆਂ ਭਰ ਕੇ ਖੁਸ਼ੀਆਂ ਲਈਆਂ ਜਾਣ ਤੇ ਪ੍ਰਬੰਧਕਾਂ ਨੂੰ ਨਿਵਾਜਿਆ ਜਾਵੇ।

| | |
|---|---|
| 27 ਜੁਲਾਈ 2023<br>ਦਿਨ ਵੀਰਵਾਰ | ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਅਤੇ ਦਿਵਸ ਸੁਹੇਲਾ ਕੀਰਤਨ 6.00 ਵਜੇ ਤੋਂ ਲੈ ਕੇ 2.00 ਵਜੇ ਤਕ। ਕੀਰਤਨ ਸ਼ਾਮ ਨੂੰ ਸੋਦਰ ਦੀ ਚੌਕੀ ਤੋਂ ਬਾਅਦ 10.00 ਵਜੇ ਤੱਕ। |
| 28 ਜੁਲਾਈ 2023<br>ਦਿਨ ਸ਼ੁਕਰਵਾਰ | ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਅਤੇ ਦਿਵਸ ਸੁਹੇਲਾ ਕੀਰਤਨ 6.00 ਵਜੇ ਤੋਂ ਲੈ ਕੇ 2.00 ਵਜੇ ਤਕ। ਕੀਰਤਨ ਸ਼ਾਮ ਨੂੰ ਸੋਦਰ ਦੀ ਚੌਕੀ ਤੋਂ ਬਾਅਦ 10.00 ਵਜੇ ਤੱਕ। |
| 29 ਜੁਲਾਈ 2023<br>ਦਿਨ ਸ਼ਨੀਵਾਰ | ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਅਤੇ ਦਿਵਸ ਸੁਹੇਲਾ ਕੀਰਤਨ 6.00 ਵਜੇ ਤੋਂ ਲੈ ਕੇ 2.00 ਵਜੇ ਤਕ। |
| 29 ਜੁਲਾਈ 2023<br>ਦਿਨ ਸ਼ਨੀਵਾਰ | ਸ਼ਾਮ ਨੂੰ ਸੋਦਰ ਦੀ ਚੌਕੀ ਤੋਂ ਬਾਅਦ ਰੈਣ ਸਬਾਈ ਕੀਰਤਨ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 30.07.2023 ਨੂੰ ਸਵੇਰੇ 4.00 ਵਜੇ ਪੈਣਗੇ। |

## ਅੰਮ੍ਰਿਤ ਸੰਚਾਰ ਸਮਾਗਮ ਮਿਤੀ 30.07.2023 ਨੂੰ ਗੁਰਦੁਆਰਾ ਸਾਹਿਬ ਵਿਖੇ ਰਾਤ 8.00 ਵਜੇ ਆਰੰਭ ਹੋਣਗੇ।

ਨੋਟ - ਲੰਗਰ ਤੇ ਰਿਹਾਇਸ਼ ਦਾ ਸਾਰਾ ਪ੍ਰਬੰਧ ਗੁਰਦੁਆਰਾ ਸਾਹਿਬ ਵਿਖੇ ਹੋਵੇਗਾ। ਲੋੜ ਅਨੁਸਾਰ ਸੰਗਤਾਂ ਨੂੰ ਅਪਣਾ ਰਹਿਣ ਦਾ ਪ੍ਰਬੰਧ ਆਪ ਕਰਨਾ ਪਵੇਗਾ।

**ਇਸ ਸਾਰੇ ਸਮਾਗਮ ਦਾ ਸਿਧਾ ਪ੍ਰਸਾਰਣ www.akj.org ਤੇ ਲਾਈਵ ਚਲੇਗਾ।**

**ਸਹਿਯੋਗੀ : ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬ, ਸੰਜੋਲੀ, ਸ਼ਿਮਲਾ**

**ਦਾਸਰੇ - ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ**

9814300245, 7528900045, 8708958920, 9988202622, 9646117772

## ਧੰਨੁ ਧੰਨੁ ਧੰਨੁ ਜਨੁ ਆਇਆ ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥















ਹਰ ਸਾਲ ਦੀ ਤਰ੍ਹਾਂ 13 ਸ਼ਹੀਦ ਸਿੰਘਾਂ ਦੀ ਸ਼ਹਾਦਾਤ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 10.04.2023 ਤੋਂ ਲੈ ਕੇ 15.04.2023 ਸਵੇਰ ਤਕ ਅਖੰਡ ਕੀਰਤਨੀ ਜੱਥਾ, ਅੰਮ੍ਰਿਤਸਰ ਵੱਲੋਂ ਅੰਮ੍ਰਿਤਸਰ ਦੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ, ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

Registered with the Registrar
of News Papers of India
Regd. No. R-70727/99

# ATAM RANG
# JUNE 2023

Postal Regd. No.
CHDG/0025/2021-23

## ਢਾਡੀ ਗੁਣ ਗਾਵੈ ਨਿਤੁ ਜਨਮ ਸਵਾਰਿਆ ॥




ਹਰ ਸਾਲ ਦੀ ਤਰ੍ਹਾਂ 13 ਸ਼ਹੀਦ ਸਿੰਘਾਂ ਦੀ ਸ਼ਹਾਦਾਤ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 10.04.2023 ਤੋਂ ਲੈ ਕੇ 15.04.2023 ਸਵੇਰ ਤਕ ਅਖੰਡ ਕੀਰਤਨੀ ਜੱਥਾ, ਅੰਮ੍ਰਿਤਸਰ ਵੱਲੋਂ ਅੰਮ੍ਰਿਤਸਰ ਦੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਨਾ ਜੀਵਨ ਸਫਲ ਕੀਤਾ, ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।